# ਸਮਿਆਂ ਤੋਂ ਪਾਰ

(ਕਵਿਤਾਵਾਂ)

# SAMYAN TON PAAR

Poetry By **PIARA SINGH KUDOWAL**

**Address : 33, Bonistel Crescent
Brampton Ontario L7A3G8
Canada
Telephone : 905-216-4819
Address : 3090 Independence Drive #246
Livermore, California 94551
USA
Telephone # 510-296-4477
email: pskudowal@yahoo.com**

**ISBN : 978-81-907892-7-1**

©
ਕਵੀ

ਸਾਲ
2009

ਪ੍ਰਕਾਸ਼ਕ :
ਪ੍ਰਤੀਕ ਪਬਲੀਕੇਸ਼ਨਜ਼,
718, ਰਣਜੀਤ ਨਗਰ-ਏ,
ਪਟਿਆਲਾ।
ਫੋਨ : 0175-5026060

ਪ੍ਰਿੰਟਰ :
ਸ਼ਹੀਦ-ਏ-ਆਜ਼ਮ ਪ੍ਰਿੰਟਿੰਗ ਪ੍ਰੈਸ, ਪਟਿਆਲਾ।

ਮੁੱਲ
100 ਰੁਪਏ
10 **U S $**

# ਸਮਿਆਂ ਤੋਂ ਪਾਰ

ਪਿਆਰਾ ਸਿੰਘ ਕੁੱਦੋਵਾਲ

ਪ੍ਰਤੀਕ ਪਬਲੀਕੇਸ਼ਨਜ਼, ਪਟਿਆਲਾ

## ਧੰਨਵਾਦ


ਉਹਨਾਂ ਸਾਰੇ ਦੋਸਤਾਂ, ਮਿੱਤਰਾਂ, ਸਾਥੀਆਂ, ਸਹਿਕਰਮਚਾਰੀਆਂ, ਪਿੰਡ ਵਾਸੀਆਂ, ਸਹਿਪਾਠੀਆਂ, ਪ੍ਰਸ਼ੰਸਕਾਂ, ਆਲੋਚਕਾਂ, ਪੜਚੋਲਕਾਂ, ਸਰੋਤਿਆਂ ਦਾ ਜਿਹਨਾਂ ਨੇ

ਮੇਰੀਆਂ ਨਜ਼ਮਾਂ ਨੂੰ ਮੇਰੇ ਪਿੰਡ ਕੁੱਦੋਵਾਲ ਦੇ ਆਸ ਪਾਸ, ਕਾਲਜ ਵਿੱਚ, ਮਸੂਰੀ, ਬੈਂਕੌਕ ਥਾਈਲੈਂਡ, ਪੰਜਾਬੀ ਸਾਹਿਤ ਸਭਾ ਕੈਲੇਫੋਰਨੀਆਂ,

ਰੇਡੀਉ ਸੁਰ ਸੰਗਮ ਹੇਵਰਡ ਕੈਲੇਫੋਰਨੀਆਂ, ਰੇਡੀਉ ਆਪਣਾ ਪੰਜਾਬ ਸੈਨਹੋਜ਼ੇ ਕੈਲੇਫੋਰਨੀਆਂ, ਉਰਦੂ ਅਕੈਡਮੀ ਸੈਨਹੋਜ਼ੇ ਕੈਲੇਫੋਰਨੀਆਂ,

ਕਲਮਾਂ ਦਾ ਕਾਫਲਾ ਟੋਰਾਂਟੋ ਅਤੇ ਕਲਮ (ਕਲਾਕਾਰ ਲੇਖਕ ਮੰਚ) ਟੋਰਾਂਟੋ ਦੀਆਂ ਸਾਹਿਤਕ ਮਹਿਫਲਾਂ ਵਿੱਚ ਸੁਣਿਆਂ ਤੇ ਸੁਣਦਿਆਂ ਹੁੰਗਾਰਾ ਵੀ ਦਿੱਤਾ।

ਇਹਨਾਂ ਸਦਕਾ, ਮੇਰਾ ਸਾਹਿਤਕ ਸਫ਼ਰ ਕਈ ਤਰ੍ਹਾਂ ਦੇ ਪੜਾਵਾਂ ਵਿਚੋਂ ਲੰਘਿਆ; ਜਿਵੇਂ ਖੁੱਲ੍ਹੀ ਕਵਿਤਾ, ਗੀਤ, ਨਜ਼ਮ, ਸ਼ੈਡੋ ਨਾਟਕ, ਨਾਟਕ, ਇਕਾਂਗੀ, ਕਹਾਣੀ, ਲੇਖ ਆਦਿ। ਇਸ ਸਾਰੀ ਲਿਖਣ ਪ੍ਰਕ੍ਰਿਆ ਦਾ ਪ੍ਰਗਟਾਅ ਭਵਿੱਖ ਵਿੱਚ, ਉਪਰੋਕਤ ਲਿਖਤ ਵਿਭਿੰਨ ਸਾਹਿਤਕ ਰੂਪਾਂ ਵਿੱਚ ਕਰਾਂਗਾ। ਐਸੀ ਮੇਰੀ ਇੱਛਾ ਹੈ।

ਮੈਨੂੰ ਛਪਣ ਦੀ ਕਦੇ ਵੀ ਕਾਹਲ ਨਹੀਂ ਰਹੀ। ਹੁਣ ਲਗਦਾ ਹੈ ਬਹੁਤ ਦੇਰ ਹੋ ਗਈ ਹੈ। ਆਸ ਰੱਖਦਾ ਹਾਂ ਕਿ ਪਾਠਕ ਇਸ ਪੁਸਤਕ ਨੂੰ ਪੜ੍ਹ ਕੇ ਆਪਣੀ ਰਾਇ ਜ਼ਰੂਰ ਬਣਾਉਣਗੇ।

## ਕੁਝ ਸ਼ਬਦ

ਪਰਵਾਸੀ ਪੰਜਾਬੀ ਕਵਿਤਾ ਵਿੱਚ ਪਿਆਰਾ ਸਿੰਘ ਕੁੱਦੋਵਾਲ ਦਾ ਨਾਂ ਕਿਸੇ ਜਾਣ ਪਹਿਚਾਣ ਦਾ ਮੁਹਤਾਜ ਨਹੀਂ। ਭਾਵੇਂ ਹੁਣ ਤੱਕ ਉਸ ਦਾ ਕੋਈ ਕਾਵਿ ਸੰਗ੍ਰਹਿ ਪ੍ਰਕਾਸ਼ਿਤ ਨਹੀਂ ਹੋਇਆ ਪਰ ਪਹਿਲਾਂ ਕੈਲੇਫੋਰਨੀਆਂ ਸਾਹਿਤ ਸਭਾ ਅਤੇ ਹੁਣ ਕੈਨੇਡਾ ਦੇ ਸਾਹਿਤਕਾਰਾਂ ਵਿਚ ਉਸ ਦੀਆਂ ਕਵਿਤਾਵਾਂ ਬੇਹੱਦ ਲੋਕਪ੍ਰੀਅ ਹਨ। ਪਿਆਰਾ ਸਿੰਘ ਕੁੱਦੋਵਾਲ ਦੀਆਂ ਕਹਾਣੀਆਂ ਵੀ ਕਈ ਸਾਂਝੇ ਕਹਾਣੀ ਸੰਗ੍ਰਹਿਾਂ ਵਿੱਚ ਛਪ ਚੁੱਕੀਆਂ ਹਨ। ਇਹਨਾਂ ਕਵਿਤਾਵਾਂ ਕਹਾਣੀਆਂ ਰਾਹੀਂ ਉਹ ਪਰਵਾਸੀ ਜੀਵਨ ਦੇ ਬਹੁਭਾਂਤ ਵਰਤਾਰਿਆਂ ਨੂੰ ਆਪਣੀਆਂ ਰਚਨਾਵਾਂ ਰਾਹੀਂ ਦ੍ਰਿਸ਼ਟੀਗੋਚਰ ਕਰਦਾ ਹੈ।

ਪਿਆਰਾ ਸਿੰਘ ਮੂਲ ਰੂਪ ਵਿੱਚ ਮਾਨਵਵਾਦੀ ਕਵੀ ਹੈ ਤੇ ਉਸ ਦੀਆਂ ਇਸ ਸੰਗ੍ਰਹਿ ਵਿਚ ਉਹ ਕਵਿਤਾਵਾਂ ਸ਼ਾਮਲ ਹਨ ਜਿਹੜੀਆਂ ਸਟੇਜ ਤੇ ਪੜ੍ਹੀਆਂ ਅਤੇ ਸਰਾਹੀਆਂ ਗਈਆਂ ਹਨ। ਮਾਨਵੀ ਦੁਖਾਂ ਸੁੱਖਾਂ ਨੂੰ ਕੁੱਦੋਵਾਲ ਆਪਣੀ ਸਰਲ ਸਾਧਾਰਣ ਤੇ ਆਮ ਲੋਕਾਂ ਦੀ ਭਾਸ਼ਾ ਵਿੱਚ ਜਦੋਂ ਸਟੇਜ ਤੇ ਪੇਸ਼ ਕਰਦਾ ਹੈ ਤਾਂ ਦਰਸ਼ਕਾਂ ਤੋਂ ਉਸਨੂੰ ਭਰਪੂਰ ਹੁੰਗਾਰਾ ਮਿਲਦਾ ਹੈ। ਇਹਨਾਂ ਕਵਿਤਾਵਾਂ ਵਿਚ ਆਮ ਸਾਧਾਰਣ ਮਨੁੱਖ ਦੇ ਦੁਖਾਂ ਦਰਦਾਂ ਦੀ ਖ਼ੂਬਸੂਰਤ ਪੇਸ਼ਕਾਰੀ ਵੇਖਣ ਨੂੰ ਮਿਲਦੀ ਹੈ। ਉਸ ਦੀ ਹਰ ਕਵਿਤਾ ਵਿੱਚ ਜਾਤੀ ਅਤੇ ਕਾਇਨਾਤੀ ਵੇਦਨਾਂ ਦੇ ਅਨੋਖੇ ਪਾਸਾਰ ਵੇਖਣ ਨੂੰ ਮਿਲਦੇ ਹਨ।

ਪਿਆਰਾ ਸਿੰਘ ਕੁੱਦੋਵਾਲ ਦੀ ਕਵਿਤਾ ਦਾ ਇਕ ਹੋਰ ਪੱਖ ਏਧਰਲੇ ਤੇ ਉਧਰਲੇ ਸਭਿਆਚਾਰ ਵਿਚਲੇ ਵਖਰੇਵੇਂ ਨਾਲ ਸਬੰਧਿਤ ਹੈ। ਕਵੀ ਹੁਣ ਵੀ ਆਪਣੇ ਪੁਰਾਣੇ ਪਿੰਡ, ਦੇਸ਼, ਧਰਤੀ ਨੂੰ ਯਾਦ ਹੀ ਨਹੀਂ ਕਰਦਾ ਸਗੋਂ ਲੱਖ ਸਹੂਲਤਾਂ ਹੋਣ ਦੇ ਬਾਵਜੂਦ ਵੀ ਉਹ ਉਧਰਲੇ ਜੀਵਨ ਵਿਵਹਾਰ ਨਾਲੋਂ ਏਧਰਲੀ ਜੀਵਨ ਜਾਚ ਨੂੰ ਵਧੇਰੇ ਤਰਜੀਹ ਦਿੰਦਾ ਹੈ। ਉਸ ਦੀਆਂ ਕਵਿਤਾਵਾਂ ਵਿੱਚ ਵਾਰ ਵਾਰ 'ਕੁੱਦੋਵਾਲ' ਪਿੰਡ ਦੀ ਆਬੋ ਹਵਾ, ਗਲੀਆਂ,



ਮਿੱਟੀ ਅਤੇ ਉਥੋਂ ਦੇ ਲੋਕਾਂ ਦੀ ਜ਼ਿਕਰ ਸਾਡੀ ਨਾਲ ਇਸ ਧਾਰਨਾ ਦੀ ਸ਼ਾਹਦੀ ਭਰਦਾ ਹੈ।

ਪਿਆਰਾ ਸਿੰਘ ਇਕ ਸੁਹਿਰਦ ਸ਼ਾਇਰ ਹੈ। ਆਲੇ ਦੁਆਲੇ ਵਾਪਰੀ ਹਰ ਘਟਨਾ ਉਸ ਨੂੰ ਟੁੰਬਦੀ ਹੈ ਤੇ ਉਸ ਦੇ ਸੰਵੇਦਨਸ਼ੀਲ ਮਨ ਤੇ ਗਹਿਰੀ ਛਾਪ ਛੱਡਦੀ ਹੈ। ਉਹ ਆਪਣੇ ਆਲੇ ਦੁਆਲੇ ਜਾਂ ਨੇੜੇ ਤੇੜੇ ਦੇ ਜੀਵਨ ਨੂੰ ਹੀ ਨਹੀਂ ਸਗੋਂ ਵਿਸ਼ਵ ਪੱਧਰ ਤੇ ਵਾਪਰਦੇ ਵਰਤਾਰਿਆਂ ਦੀ ਵੀ ਡੂੰਘੀ ਸਮਝ ਰੱਖਦਾ ਹੈ ਤੇ ਇਹਨਾਂ ਤੇ ਆਪਣਾ ਕਾਵਿਕ ਪ੍ਰਤਿਕਰਮ ਵੀ ਪੇਸ਼ ਕਰਦਾ ਹੈ। ਵਿਸ਼ਵ ਪੱਧਰ ਤੇ ਫੈਲੇ ਆਤੰਕਵਾਦ, ਵਿਸ਼ਵੀਕਰਨ ਦੇ ਮਾਰੂ ਸਿੱਟੇ, ਐਟਮੀ ਜੰਗ ਦੇ ਤਬਾਹਕੁੰਨ ਨਤੀਜੇ ਵੀ ਉਸ ਦੀ ਕਵਿਤਾ ਵਿੱਚ ਥਾਂ ਥਾਂ ਪ੍ਰਗਟ ਹੋਏ ਹਨ। ਇਹਨਾਂ ਸਭ ਪ੍ਰਸੰਗਾਂ ਨੂੰ ਪੇਸ਼ ਕਰਦਿਆਂ ਕਵੀ ਦੀ ਖ਼ੂਬਸੂਰਤੀ ਇਹ ਹੈ ਕਿ ਉਹ ਕਿਧਰੇ ਵੀ ਆਪਣੇ ਮਾਨਵਵਾਦੀ ਦ੍ਰਿਸ਼ਟੀਕੋਣ ਤੋਂ ਥਿੜਕਦਾ ਨਹੀਂ ਅਤੇ ਹਮੇਸ਼ਾ ਮਜ਼ਲੂਮ ਧਿਰ ਨਾਲ ਖੜ੍ਹਾ ਦਿਖਾਈ ਦਿੰਦਾ ਹੈ।

'ਸਮਿਆਂ ਤੋਂ ਪਾਰ' ਪਿਆਰਾ ਸਿੰਘ ਕੁੱਦੋਵਾਲ ਦਾ ਪਲੇਠਾ ਕਾਵਿ ਸੰਗ੍ਰਹਿ ਹੈ। ਅਸੀਂ ਕਵੀ ਦੇ ਇਸ ਪਲੇਠੇ ਉਦਮ ਨੂੰ ਜੀ ਆਇਆਂ ਆਖਦੇ ਹੋਏ ਆਸ ਕਰਦੇ ਹਾਂ ਕਿ ਪਾਠਕ ਇਸ ਕਾਵਿ ਸੰਗ੍ਰਹਿ ਨੂੰ ਆਪਣਾ ਭਰਪੂਰ ਹੁੰਗਾਰਾ ਦੇਣਗੇ। ਸਾਨੂੰ ਪਿਆਰਾ ਸਿੰਘ ਕੁੱਦੋਵਾਲ ਦੇ ਅਗਲੇ ਕਾਵਿ ਸੰਗ੍ਰਹਿ ਦੀ ਸ਼ਿਦਤ ਨਾਲ ਉਡੀਕ ਰਹੇਗੀ।

– ਅਮਰਜੀਤ ਕੌਂਕੇ (ਡਾ.)
098142-31698

# ਆਪਣੇ ਵੱਲੋਂ ਕੁਝ ਸ਼ਬਦ

"ਸਮਿਆਂ ਤੋਂ ਪਾਰ" ਦੀਆਂ ਲਗਭੱਗ ਸਾਰੀਆਂ ਹੀ ਨਜ਼ਮਾਂ, ਮੈਂ ਸੈਨਫਰਾਂਸਿਸਕੋ ਦੇ ਖ਼ੂਬਸੂਰਤ ਇਲਾਕੇ ਵਿੱਚ ਰਹਿੰਦਿਆਂ ਲਿਖੀਆਂ। ਮੇਰਾ ਘਰ ਸ਼ਾਂਤ ਮਹਾਸਾਗਰ ਦੇ ਬਹੁਤ ਪਿਆਰੇ ਤੱਟ ਕੋਲ, ਤੇ ਪਹਿਲਾ ਦਫਤਰ, ਦੁਨੀਆਂ ਭਰ ਵਿੱਚ ਪ੍ਰਸਿੱਧ ਬੇ-ਬਰਿੱਜ ਸੈਨਫਰਾਂਸਿਸਕੋ ਦੇ ਕੋਲ, ਹੁਣ ਵਾਲਾ ਲਿਵਰਮੋਰ ਅਤੇ ਟਰੇਸੀ ਸ਼ਹਿਰਾਂ ਦੇ ਵਿਚਕਾਰ, ਚੰਡੀਗੜ੍ਹ ਦੀਆਂ ਸ਼ਿਵਾਲਿਕ ਹਿਲਜ਼ ਨਾਲ ਮਿਲਦੀਆਂ ਜੁਲਦੀਆਂ, ਪੰਜਾਬੀ ਭਾਈਚਾਰੇ ਵਿੱਚ ਮਸ਼ਹੂਰ, ਪੱਖਿਆਂ (ਹਵਾ ਨਾਲ ਚੱਲਣ ਵਾਲੇ ਬਿਜਲੀ ਪੈਦਾ ਕਰਨ ਲਈ ਜਿਨਰੇਟਰਜ਼) ਵਾਲੀਆ ਪਹਾੜੀਆਂ ਦੇ ਕੋਲ ਹੈ। ਕੁੱਝ ਇਕ ਨਜ਼ਮਾਂ, ਮੈਂ ਪ੍ਰਕ੍ਰਿਤਕ ਸੁੰਦਰਤਾ ਤੇ ਸੌਂਦਰਯ ਨਾਲ ਭਰਪੂਰ ਦੇਸ, ਕੈਨੇਡਾ ਦੀ ਧਰਤੀ ਤੇ ਆ ਕੇ ਵੀ ਰਚੀਆਂ ਹਨ।

ਇਹਨਾਂ ਖ਼ੂਬਸੂਰਤ ਨਜ਼ਾਰਿਆਂ ਵਿੱਚ, ਨਿੱਤ ਕਰਮ ਲਈ ਵਿਚਰਦਿਆਂ ਹੋਇਆਂ ਵੀ, ਮੈਨੂੰ ਇਰਾਕ ਅਫਗਾਨਿਸਤਾਨ, ਪਾਕਿਸਤਾਨ, ਲਿਬਨਾਨ, ਫਿਲੱਸਤੀਨ ਇਜ਼ਰਾਈਲ, ਈਥੋਪੀਆ ਅਤੇ ਹੋਰ ਦੇਸ਼ਾਂ ਵਿੱਚ ਛਿੜੀ ਜੰਗ ਜਾਂ ਖਾਨਾ-ਜੰਗੀ ਨੇ ਲਗਾਤਾਰ ਪ੍ਰਭਾਵਿਤ ਕੀਤਾ ਹੈ। ਇਸ ਦੇ ਨਾਲ ਹੀ ਕੈਲੇਫੋਰਨੀਆਂ, ਆਸਟਰੇਲੀਆ ਵਿੱਚ ਅੱਗਾਂ ਨਾਲ , ਭਾਰਤ , ਬੰਗਲਾ ਦੇਸ਼, ਇੰਡੋਨੇਸ਼ੀਆ, ਚੀਨ , ਥਾਈਲੈਂਡ ਤੇ ਹੋਰ ਕਈ ਮੁਲਕ ਜੋ ਸੁਨਾਮੀ ਅਤੇ ਸਮੇਂ ਸਮੇ ਭੁਚਾਲਾਂ ਨਾਲ ਪ੍ਰਭਾਵਿਤ ਹੋਏ ਤੇ ਜਿਥੇ ਹਜ਼ਾਰਾਂ ਲੋਕਾਂ ਦੀਆਂ ਜਾਨਾਂ ਗਈਆਂ, ਕਰੋੜਾਂ ਡਾਲਰਾਂ ਦੀ ਧੰਨ ਸੰਪਤੀ ਦਾ ਨੁਕਸਾਨ ਹੋਇਆ, ਵੀ ਮੇਰੇ ਜ਼ਿਹਨ 'ਚ ਹਨ। 2009 ਵਿੱਚ ਖਾਸ ਤੌਰ ਤੇ ਅੱਗ ਨਾਲ ਕਾਫ਼ੀ ਨੁਕਸਾਨ ਹੋਇਆ: "ਚਿਹਰਾ" ਵਿੱਚ ਇਸ ਦਾ ਜਿਕਰ ਹੈ:

ਹਵਾ ਮਿੱਟੀ ਪਾਣੀ, ਅੰਬਰ ਵੀ ਹੈ ਨਾਲ



ਪਰ ਅੱਗ ਦਾ ਹੈ ਮੌਸਮ, ਚੜ੍ਹਿਆ ਜੁ ਸਾਲ ਹੈ।

ਇਸੇ ਤਰ੍ਹਾਂ ਫਸਾਦਾਂ ਦੌਰਾਨ ਅਤੇ ਵੇਲੇ ਕੁਵੇਲੇ ਕਈ ਥਾਵਾਂ ਜਿਵੇਂ ਦਿਲੀ ਕਾਨਪੁਰ, ਛਤੀਸ ਸਿੰਘਪੁਰਾ, ਪੰਜਾਬ, ਗੁਜਰਾਤ, ਕਸ਼ਮੀਰ, ਇੰਡੋਨੇਸ਼ੀਆ, ਲਹੌਰ, ਕਰਾਚੀ, ਨਿਊਯਾਰਕ, ਮੁੰਬਈ, ਹੋਟਲਾਂ, ਪਾਰਕਾਂ, ਮੈਦਾਨਾਂ, ਰੇਲਾਂ, ਬੱਸਾਂ, ਹਵਾਈ ਜਹਾਜਾਂ, ਵਿੱਚ ਬੇਕਸੂਰ ਮਰਦ, ਔਰਤਾਂ, ਬੱਚੇ, ਅਣਜੰਮੇ ਬੱਚੇ ਵੀ ਮਾਰ ਦਿੱਤੇ ਗਏ ਜਾ ਵਹਿਸ਼ਤ ਦਾ ਸ਼ਿਕਾਰ ਹੋਏ, ਜਨੂੰਨੀ ਭੂਤਰੇ ਹੋਏ ਲੋਕਾਂ ਵਲੋਂ, ਆਪਣੇ ਹੀ ਲੋਕਾਂ ਹੱਥੋਂ, ਅਕਾਰਣ। ਔਰਤਾਂ, ਬੱਚੀਆਂ ਨਾਲ ਬਲਾਤਕਾਰ ਹੋਏ। ਇਸ ਦਾ ਜ਼ਿਕਰ "ਢਾਣੀ" ਵਿੱਚ ਕੀਤਾ ਹੈ:

ਇੱਕ ਢਾਣੀ, ਆਪਣੇ ਹੀ, ਸ਼ਹਿਰ ਚਲੀ ਦੋਸਤੋ।
ਅੱਗ ਅੱਗ ਖੇਡਦੀ, ਗਲੀ ਗਲੀ ਦੋਸਤੋ।
ਖਿੜ ਰਹੀ, ਰਾਤ ਦੀ ਰਾਣੀ, ਸੀ ਬੇਖਬਰ
ਰੁੱਤ ਐਸੀ, ਮਸਲ ਦਿੱਤੀ, ਹਰ ਕਲੀ ਦੋਸਤੋ।
ਜੰਮ ਨ ਦਏ ਕਿਤੇ, ਲੋਕਾਂ ਦਾ ਵਾਰਸ
ਪੇਟ ਤੋਂ ਸੀ, ਜੋ ਵੀ ਔਰਤ, ਦਲੀ ਦੋਸਤੋ।

ਅੱਜ ਦੇ ਅਗਾਂਹ ਵਧੂ ਯੁੱਗ ਵਿੱਚ, ਕੁੱਝ ਇਕ ਦੇਸ਼ਾਂ ਦੇ, ਕੁੱਝ ਇਕ ਪ੍ਰਾਂਤਾਂ ਨੂੰ ਛੱਡ ਕੇ, ਬਾਕੀ ਸੱਭ ਥਾਂਈ ਔਰਤ ਦੀ ਦਸ਼ਾ ਵਿੱਚ ਵੀ ਕੋਈ ਬਹੁਤਾ ਫਰਕ ਨਹੀਂ ਪਿਆ। ਭਰੂਣ-ਹੱਤਿਆ ਦੀ ਗੱਲ ਕਰਨ ਦਾ ਅੱਜ ਕੱਲ ਰਿਵਾਜ਼ ਜਿਹਾ ਪੈ ਗਿਆ ਹੈ। ਕਵੀ ਤੇ ਗੀਤਕਾਰ ਲਿਖ ਰਹੇ ਨੇ , ਗਾਇਕ ਗਾ ਰਹੇ ਨੇ, ਪ੍ਰਡਿਊਸਰ ਅੱਥਰੂ ਭਰੇ ਉਦਾਸ ਗੀਤ ਫਿਲਮਾ ਰਹੇ ਨੇ। ਭਰੂਣ ਹੱਤਿਆ ਸਿਰਫ ਮਾਦਾ ਭਰੂਣਾਂ ਦੀ ਹੀ ਹੋ ਰਹੀ ਹੈ, ਨਰ ਦੀ ਨਹੀਂ। ਕੌਣ ਕਰ ਰਹੇ ਨੇ ? ਸਿਆਣੇ, ਪੜ੍ਹੇ ਲਿਖੇ ਬੀਬੇ ਰਾਣੇ ਮੂੰਹਾਂ ਵਾਲੇ, ਸ਼ਰੀਫ਼, ਸਭਿਅਕ ਬੀਬੀਆਂ, ਡਾਕਟਰ, ਸੱਭ ਤਰ੍ਹਾਂ ਦੇ ਲੋਕ ਸ਼ਾਮਲ ਹਨ । ਉਹਨਾਂ ਦਾ ਪਤਾ ਵੀ ਨਹੀਂ ਲੱਗਦਾ। ਜੇ ਲੱਗ ਵੀ ਜਾਏ ਤਾਂ ਕਈਆਂ ਵਲੋਂ ਕਹਿ ਦਿੱਤਾ ਜਾਂਦਾ ਹੈ, "ਇਹ ਮੇਰਾ ਅਧਿਕਾਰ ਹੈ, "It's my womb, you stay out of it" ਕੁੱਝ ਡਾਕਟਰ ਕਹਿੰਦੇ ਨੇ, "ਇਹ ਕਸਬ ਹੈ ਅਸੀਂ ਤਾਂ ਮਰੀਜ਼ ਦਾ ਆਖਾ ਮੰਨਣਾ ਹੈ" । ਭਾਵ ਔਰਤ ਦੇ ਹਾਲਾਤ ਵਿੱਚ ਕੋਈ ਤਸੱਲੀ ਬਖਸ਼ ਫਰਕ ਨਹੀਂ ਪਿਆ। ਕਾਵਿ ਵੰਨਗੀ ਦੇਖੋਂ:

ਸੀਤਾ ਵਰਗੀਆਂ ਮਾਵਾਂ ਦਿੰਦੀਆਂ ਅਗਨ ਪ੍ਰੀਖਿਆ
ਅੱਜ ਵੀ ਸੜ੍ਹਦੀਆਂ ਮਰਦੀਆਂ ਕੈਸੇ ਨਸੀਬ ਨੇ।

ਔਰਤ ਹੋਣ ਦੀ ਸਜ਼ਾ, ਕਦੇ ਵੀ ਹੋਈ ਘੱਟ ਨਾ
ਉਦੋਂ ਸ਼ਰੇਆਮ ਸੀ, ਅੱਜ ਕੁੜੀਮਾਰ ਸ਼ਰੀਫ਼ ਨੇ।

ਫਿਰ ਵੀ, ਮੈਂ ਆਸ ਰੱਖਦਾ ਹਾਂ, ਕਿ ਇਹ ਹਾਲਾਤ ਜਰੂਰ ਸੁਧਰਨਗੇ। ਜੇ ਅਜੋਕੀ ਪੜ੍ਹੀ ਲਿਖੀ ਔਰਤ, ਨਿੱਜੀ ਮੁਫ਼ਾਦ ਤੋਂ ਉਪਰ ਉੱਠ ਕੇ, ਥੋੜਾ ਹੋਰ ਜਾਗਰੂਕ ਹੋਵੇ ਤਾਂ। ਜੇ ਮਰਦ ਵੀ ਔਰਤ ਨੂੰ ਬਰਾਬਰ ਇਨਸਾਨ ਸਮਝੇ, ਜੇ ਇਕ ਔਰਤ ਦੂਸਰੀ ਦਾ, ਇਕ ਮਰਦ ਕਿਸੇ ਵੀ ਔਰਤ ਦਾ, ਜਿਵੇਂ ਆਪਣੀ ਧੀ, ਭੈਣ, ਮਾਤਾ ਜਾਂ ਇਕ ਦੋਸਤ ਜਾਣ ਕੇ, ਇਜ਼ਤ ਮਾਣ ਕਰੇ ਤਾਂ। ਕਾਫੀ ਤਬਦੀਲੀ ਆ ਚੁੱਕੀ ਹੈ, ਹੋਰ ਹੋਣੀ ਬਾਕੀ ਹੈ:

ਕਦੇ ਤਾਂ ਮਰਦ, ਔਰਤ ਦੀ ਕਰੇਗਾ ਕਦਰ
ਆਸ ਇਹੀ, ਦਿਲ ਵਿੱਚ ਮਿਰੇ, ਪਲ ਰਹੀ ਹੈ।

ਅਜੇ ਤਾਂ, ਜਦੋਂ ਜੰਗ ਹੋਵੇ, ਦੰਗੇ ਫਸਾਦ ਹੋਣ, ਤਾਂ ਇਕ ਸਰਵੇ ਅਨੁਸਾਰ ਅਕਸਰ ਔਰਤਾਂ ਦਾ ਬਲਾਤਕਾਰ ਉਹਨਾਂ ਦੇ ਆਪਣੇ ਚੌਗਿਰਦੇ ਵਿੱਚ ਵੱਸਦਾ ਰੱਖਿਅਕ ਲਗਦਾ ਮਰਦ ਹੀ ਕਰਦਾ ਹੈ। ਜੋ ਹਾਲਾਤ, ਭੈਅ, ਡਰ ਕਰਕੇ ਔਰਤ ਦੀ ਮਜ਼ਬੂਰੀ ਦਾ ਫ਼ਾਇਦਾ ਉਠਾਉਂਦਾ ਹੈ।ਅਕਸਰ, ਐਸੇ ਬਲਾਤਕਾਰੀ "ਅੰਕਲਜ਼ ਤੇ ਕਜ਼ਨਜ਼" ਵੀ ਹੁੰਦੇ ਨੇ ।ਜੰਗ ਜਾਂ ਦੰਗਿਆਂ ਦੇ ਦੌਰਾਨ, ਕਰਫਿਊ ਵੇਲੇ, ਐਸੇ ਲੋਕਾਂ ਨੂੰ ਮੌਕੇ ਮਿਲ ਜਾਂਦੇ ਹਨ, ਤੇ ਉਹ ਇਸ ਸੰਗੀਨ ਗੁਨਾਹ ਨੂੰ ਅੰਜਾਮ ਦਿੰਦੇ ਉਸ ਵੇਲੇ ਤਾਂ ਉਹ ਪਰਵਾਹ ਵੀ ਨਹੀਂ ਕਰਦੇ। ਇਹ ਗੱਲ ਵੱਖਰੀ ਹੈ ਕਿ ਸਮਾਂ ਪਾ ਕੇ ਇਹੋ ਗੁਨਾਹ, ਉਹਨਾਂ ਨੂੰ ਸਤਾਵੇ: ਵੇਖੋ "ਯਾਦ"

ਹੁਸਨਾਂ ਦੀ ਮੰਡੀ ਲਗੀ, ਕਤਲਾਂ ਦਾ ਹੈ ਮੌਸਮ
ਦੋ ਚਾਰ ਬੀਜ ਬੋ ਲੈ, ਹੈ ਰੁੱਤ ਵੱਤਰਾਂ ਦੀ।

ਨਸਲ, ਜਾਤ, ਰੰਗ ਦੀ ਨਫ਼ਰਤ ਨੇ ਨੰਗਾ ਨਾਚ ਕੀਤਾ ਤੇ ਸਭਿਆ ਮਨੁੱਖ ਜਾਂ ਤਾਂ ਬੇਬੱਸ ਰਿਹਾ ਜਾਂ ਅਸੱਭਿਅ ਲੋਕਾਂ ਵਾਂਗ, ਹੀਂ ਹੀਂ ਦੰਦੀਆਂ ਕੱਢ ਕੇ, ਹੱਸਦਾ ਰਿਹਾ ਜਾਂ ਫਿਰ ਟੀ ਵੀ ਤੇ ਖਬਰਾਂ ਦਾ ਖੁਲਾਸਾ ਸੁਣ ਕੇ, ਸੌਂ ਜਾਂਦਾ ਰਿਹਾ। ਇਸ ਦਾ ਜਿਕਰ "ਦਹਿਸ਼ਤ" ਨਜ਼ਮ ਵਿੱਚ ਕੀਤਾ ਗਿਆ :

ਜੰਗਲ ਜੰਗਲ ਬਸਤੀ ਬਸਤੀ, ਗਾਹ ਗਈ ਦਹਿਸ਼ਤ।
ਭਾਸ਼ਾ ਧਰਮ ਰੰਗ ਨਸਲ ਤੇ, ਛਾ ਗਈ ਦਹਿਸ਼ਤ।
ਇਸ ਸਭ ਜੰਜਾਲ ਵਿੱਚ, ਆਮ ਮਾਨਵ ਕਸ਼ਟ ਉਠਾ ਕੇ ਵੀ ਜਾਗਦਾ



ਰਿਹਾ, ਭਾਵੇਂ ਸਰਕਾਰੀ ਤੇ ਗੈਰ ਸਰਕਾਰੀ ਗਲਤ ਸ਼ਕਤੀਆਂ, ਉਸਦਾ ਲੱਕ ਤੋੜਨ ਲਈ ਪੂਰਾ ਤਾਣ ਲਾਉਂਦੀਆਂ ਹਨ : ਦੇਖੋ, ਉਦਾਸ ਰੁੱਖ:

ਦਿਨ ਵੇਲੇ ਸਰਕਾਰੀ ਰਾਤੀਂ ਬਲਕਾਰੀ
ਸੀਨੇ ਪੱਥਰ ਰੱਖ, ਦੋਹਰਾ ਦੁੱਖ ਸਹਿੰਦੇ ਨੇ।
ਮਨ ਚੀਸਾਂ ਮੂੰਹ ਘੂਰੀ, ਸਿਰ ਮਜ਼ਬੂਰੀ
ਅੱਖਾਂ ਵਿੱਚ ਦੀ, ਰਾਵੀ ਤੇ ਝਨਾਂ ਵਹਿੰਦੇ ਨੇ।

ਇਸ ਸਭ ਨੇ ਮਾਨਵੀ ਮੁੱਲਾਂ ਦੀ ਬੇਕਦਰੀ, ਇਸ ਹੱਦ ਤੱਕ ਕਰ ਦਿੱਤੀ ਹੈ ਕਿ ਇਨਸਾਨ ਹੋਣ ਦੀ, ਉਸਦੇ ਥੀਣ ਦੀ ਕੋਈ ਕਦਰ ਹੀ ਨਹੀਂ ਰਹੀ। ਸ਼ਰਾਰਤੀਆਂ ਤੇ ਮੌਕਾਪ੍ਰਸਤਾਂ ਨੇ ਆਤੰਕ ਨੂੰ ਇਸ ਤਰਾਂ ਸ਼ਹਿ ਦਿੱਤੀ ਕਿ ਆਮ ਆਦਮੀ, ਜੇ ਜੀਵੇ ਤਾਂ ਗੁਲਾਮ ਸੋਚ ਨਾਲ: 'ਕਦਰ' ਨਜ਼ਮ ਵੇਖੋ:

ਕੌਣ ਮੰਨਦਾ, ਅੱਜ ਕੱਲ ਇਸ ਕਦਰ ਨੂੰ।
ਕੋਈ ਕਬਰ ਵੱਲ ਜਾਏ, ਜਾਂ ਜਾਏ ਘਰ ਨੂੰ।

ਆਮ ਮਨੁੱਖ, ਬੇਵੱਸ ਤਾਂ ਹੈ। ਕਦੇ ਕੁਦਰਤ ਅੱਗੇ, ਕਦੇ ਆਪਣੀ ਹੀ ਜਾਤ, ਬੰਦੇ ਦੇ ਜ਼ੁਲਮ ਥੱਲੇ, ਪਰ ਉਸਦੀ ਹਿੰਮਤ ਕਦੇ ਟੁੱਟੀ ਨਹੀਂ, ਭਾਵੇਂ ਯੁੱਧ, ਖਾਨਾਂਜੰਗੀ, ਦੰਗੇ-ਫਸਾਦ, ਆਤੰਕਵਾਦ, ਭੁਚਾਲ, ਸੁਨਾਮੀ, ਹੜ੍ਹ, ਅੱਗ, ਗਰੀਬੀ, ਭੁੱਖਮਰੀ, ਏਡਜ਼, ਨਿੱਤ ਨਵੇਂ ਰੰਗ ਬਰੰਗੇ ਫਲੂ ਆਦਿ ਅਨੇਕਾਂ ਔਕੜਾਂ ਦੇ ਬਾਵਜੂਦ ਵੀ ਉਸ ਦਾ ਸਫਰ, ਲਗਾਤਾਰ ਚਲਦਾ ਰਿਹਾ, ਬੇਰੋਕ: 'ਸਵੇਰ ਹੋਣ ਤੱਕ' ਨਜ਼ਮ ਇਸਦਾ ਬਾਖੂਬ ਜਿਕਰ ਕਰਦੀ ਹੈ:

ਕਦੇ ਕੁਦਰਤ, ਕਦੇ ਬੰਦੇ ਦਾ ਜ਼ੁਲਮ ਜਾਰੀ
ਮੈਂ ਸਫ਼ਰ ਤੋਂ ਨਾ ਮੁੜਾਂਗਾ, ਸਵੇਰ ਹੋਣ ਤੱਕ।

ਆਮ ਬੰਦੇ ਦੀਆਂ ਕੀਤੀਆਂ ਕੁਰਬਾਨੀ ਦਾ ਵੀ ਕਦੇ ਕਿਤੇ ਜ਼ਿਕਰ ਨਹੀਂ ਹੁੰਦਾ:

ਜੋ ਛੱਡ ਗਏ ਵਿੱਚ ਹਵਾਵਾਂ ਦੇ,
ਗੱਲ ਹੋਈ ਮਸ਼ਹੂਰ ਨਹੀਂ।

ਅਤੇ

ਅਜੀਬ ਜਕੜਬੰਦ ਹੈ, ਸਮਾਂ ਸਮੇਂ ਨੂੰ ਮਾਰਦਾ
ਐਸੀ ਘਟਨਾ ਦੀ ਕਦੇ, ਛਪਦੀ ਨਾ ਕੋਈ ਖ਼ਬਰ।

ਮੈਂ ਸਮਝਦਾ ਇਸ ਬੇਵੱਸੀ ਦੇ ਹਾਲਾਤ ਵਿੱਚੋਂ ਹੀ ਮਾਨਵ ਦੀ ਸ਼ਕਤੀ ਦਾ ਪ੍ਰਗਟਾਅ ਹੁੰਦਾ ਹੈ, ਇਸ ਵਿਚੋਂ ਹੀ ਇਨਕਲਾਬ ਪੈਦਾ ਹੁੰਦੇ ਹਨ, ਕੌਮਾਂ ਉਸਰਦੀਆਂ ਹਨ:

ਫੱਟ ਖਾ ਖਾ ਜਵਾਨ ਹੋਏ, ਸਾਨੂੰ ਮਿਲਦੀ ਤਾਕਤ ਸੱਟਾਂ ਤੋਂ
ਦਰਦ ਦਵਾ ਹੈ ਸਾਡੇ ਲਈ, ਇਹ ਸ਼ੌਕ ਹੈ ਨਾਸੂਰ ਨਹੀਂ।

ਇਸੇ ਲਈ, ਸ਼ਾਇਦ, ਦੁਨੀਆਂ ਦੇ ਹਰ ਕੋਨੇ ਵਿਚ, ਆਮ ਮਾਨਵ, ਅੱਜ ਵੀ ਜੀਅ ਰਿਹਾ ਹੈ। ਜ਼ਾਲਮ ਜ਼ੁਲਮ ਢਾਹੁੰਦੇ, ਮਿੱਟ ਜਾਂਦੇ ਹਨ, ਪਰ ਆਦਮ ਸ਼ਕਤੀ ਅੱਜ ਵੀ ਜਿੰਦਾ ਹੈ :

ਰੋਜ਼ ਮਰਦਾਂ ਰੋਜ਼ ਸੜਦਾਂ, ਤੇਰੇ ਸ਼ਹਿਰ ਅੰਦਰ
ਫਿਰ ਰਾਖ਼ 'ਚੋਂ ਉੱਠ ਖੜਦਾਂ, ਤੇਰੇ ਸ਼ਹਿਰ ਅੰਦਰ।

ਇਹ ਆਮ ਮਾਨਵ ਦੀ, ਦ੍ਰਿੜਤਾ, ਨਿਸ਼ਠਾ ਤੇ ਹਿੰਮਤ ਹੀ, ਮੇਰੀਆਂ ਨਜ਼ਮਾਂ ਦਾ ਅਧਾਰ ਹੈ। ਚਾਹੇ ਮੈਂ ਜੰਗ ਦਾ ਜਿਕਰ ਕਰਾਂ, ਸਰਕਾਰੀ, ਗੈਰ ਸਰਕਾਰੀ ਅੱਤਵਾਦ ਦਾ, ਕਿਸਾਨਾਂ, ਫੌਜੀਆਂ, ਲੋਕ ਨਾਇਕਾਂ ਜਾਂ ਮੁਹੱਬਤ ਦਾ, ਗੱਲ ਆਮ ਮਨੁੱਖ ਦੀ ਹੀ ਹੈ। ਬਾਕੀ ਤੁਹਾਡੇ ਤੇ, ਤਹਾਨੂੰ ਕੀ ਲੱਭਦਾ ਹੈ, ਤੁਸੀਂ ਜਿਆਦਾ ਦੱਸ ਸਕਦੇ ਹੋ।

ਹਾਂ, ਇਸ ਪੁਸਤਕ ਵਿਚਲੀਆਂ ਸਾਰੀਆਂ ਹੀ ਨਜ਼ਮਾਂ, ਮੈਂ ਗਾ ਕੇ ਪੜ੍ਹ ਚੁੱਕਾ ਹਾਂ। ਮੈਂ ਸੰਗੀਤ ਦਾ, ਰਾਗ ਵਿਦਿਆ ਦਾ ਵੀ ਗਿਆਤਾ ਨਹੀਂ ਹਾਂ। ਮੇਰੀ ਆਪਣੀ ਅੰਦਰੂਨੀ ਕਿਸੇ ਪ੍ਰਵਿਰਤੀ, ਕਿਸੇ ਭਾਵਨਾਤਮਕ ਉਭਾਰ 'ਚੋਂ ਵਹਿ ਨਿਕਲਦਾ ਹੈ ਕੋਈ ਲੈਅ ਬੱਧ ਬੋਲ, ਮੈਂ, ਜਿਸ ਨੂੰ ਪਕੜ ਕੇ ਤੁਰ ਪੈਂਦਾ ਹਾਂ। ਇਸ ਲਈ, ਇਹਨਾਂ ਨਜ਼ਮਾਂ ਦਾ ਤੋਲ, ਮੇਰੇ ਆਪਣੇ ਗਾਉਣ ਦੇ ਹਿਸਾਬ ਨਾਲ ਹੈ, ਕਿਸੇ ਵੀ ਰਾਗ, ਛੰਦ ਜਾਂ ਗਜ਼ਲ ਦੇ ਵਜ਼ਨ ਅਨੁਸਾਰ ਨਹੀਂ।

ਸ਼ਾਇਰੀ ਵਿੱਚ, ਨਾਅਰੇਬਾਜ਼ੀ ਕਰਨਾ, ਪੰਜਾਬੀ ਸ਼ਾਇਰਾਂ ਦਾ ਜਨਮ ਸਿੱਧ ਅਧਿਕਾਰ ਹੈ। ਮੈਂ ਵੀ ਆਜ਼ਾਦ ਮੁਲਕ ਵਿੱਚ ਜੰਮਿਆਂ, ਕਈ ਆਜ਼ਾਦ ਤੇ ਵਿਕਸਿਤ ਮੁਲਕਾਂ ਦਾ ਵਸਨੀਕ ਰਿਹਾ ਹਾਂ। ਸਾਰੀਆਂ ਹੀ ਨਜ਼ਮਾਂ, ਮੈਂ ਸਟੇਜ ਤੋਂ ਬੋਲ ਚੁੱਕਿਆਂ ਤੇ ਸਟੇਜ ਤੋਂ ਬਿਨਾਂ ਹੋਰ ਕਿਹੜੀ ਢੁੱਕਵੀਂ ਥਾਂ ਹੋ ਸਕਦੀ ਹੈ ਨਾਅਰੇਬਾਜ਼ੀ ਲਈ ? ਇਸ ਲਈ, ਮੈਂ ਇਸ ਹੱਕ ਦਾ ਪੂਰਾ ਫਾਇਦਾ ਉਠਾਇਆ ਹੈ। ਇਥੇ ਕੁੱਝ ਵੰਨਗੀਆਂ ਦੇਖੋ, ਬਾਕੀ ਤੁਸੀਂ ਪੜ੍ਹਕੇ ਦੱਸਣਾ:



ਮਿਟਾਉ ਬੇਸ਼ਕ, ਫੈਲ ਜਾਣਾ ਇਤਿਹਾਸ ਵਿਚ
ਬਣਕੇ ਕਥਾ, ਦਿੱਤੀਆਂ ਕੁਰਬਾਨੀਆਂ ਦੀ ਯਾਦ।

****

ਸਰਮਦ ਨਹੀਂ, ਮਨਸੂਰ ਤੇ ਈਸਾ ਵੀ ਨਹੀਂ ਹਾਂ
ਲੋਕ ਹੱਕਾਂ ਦੀ ਖਾਤਰ, ਪਰ ਸੂਲੀ ਚੜ੍ਹ ਜਾਵਾਂਗਾ।

****

ਕੁੱਦੋਵਾਲ ਦੀ ਰੂਹ ਹੁਣ ਯਾਰੋ, ਹੱਦਾਂ ਬੰਨੇ ਪਾਰ ਹੋਈ
ਮਾਨਵ ਇੱਕ ਬਰਾਬਰ ਹੋਵੇ, ਇੱਕੋ ਨਾਅਰਾ ਲਾਉਣਾ ਹੈ।

****

ਬੰਨ੍ਹ ਕੱਫਣ ਸਿਰ ਆਪਣੇ, ਟਿਕਾ ਸਿਰ ਤਲੀ ਆਪਣੀ
ਜਿੱਤ ਜਾਣਾ ਜਾਂ ਮਰ ਜਾਣਾ, ਸੂਰਮਿਆਂ ਦੀ ਗੱਲ ਰਹੀ ਹੈ।

****

ਕਦੋਂ ਤੱਕ ਤੂੰ ਸੁੱਤਾ ਰਹਿ ਕੇ, ਕਿਰਤ ਲੁਟਾਈ ਜਾਣੀ
ਉੱਠ ਕਿਰਤੀਆ, ਉੱਠ ਮਜਦੂਰਾ, ਉੱਠ ਕਿਸਾਨਾਂ ਜਾਗ।

ਪਾਠਕ ਤੇ ਆਲੋਚਕ "ਸਮਿਆਂ ਤੋਂ ਪਾਰ" ਵਿਚਲੀਆਂ ਕਵਿਤਾਵਾਂ ਬਾਰੇ, ਜੋ ਵੀ ਵਿਚਾਰ ਸਿਰਜਣਗੇ, ਮੈਂ ਪ੍ਰਵਾਨ ਵੀ ਕਰਾਂਗਾ ਤੇ ਖੁਸ਼ ਵੀ ਹੋਵਾਂਗਾ। ਚੰਗਾ ਬਾਕੀ ਤੁਹਾਡੇ ਲਈ। ਕਿਤਾਬ ਪੜ੍ਹਨ ਲਈ ਵੀ ਸ਼ੁਕਰੀਆ !

ਮੈਂ, ਸ਼ਾਇਰ ਮਿੱਤਰ ਡਾ. ਅਮਰਜੀਤ ਕੌਂਕੇ ਦਾ, ਇਸ ਪੁਸਤਕ ਨੂੰ ਛਾਪਣ ਲਈ ਖ਼ਾਸ ਧੰਨਵਾਦ ਕਰਦਾ ਹਾਂ ।

ਆਪਣੀ ਸੁਰਜੀਤ ਤੇ ਬੇਟੇ ਫ਼ਤਿਹਜੀਤ ਦਾ ਵੀ ਵਿਸ਼ੇਸ਼ ਧੰਨਵਾਦ, ਜਿਹਨਾਂ ਨੇ ਮੈਨੂੰ ਲਗਾਤਾਰ ਹਿੰਮਤ ਦਿੱਤੀ ।

ਪਿਆਰਾ ਸਿੰਘ ਕੁੱਦੋਵਾਲ
ਜੂਨ 06, 2009

## ਤਰਤੀਬ


| | | |
|---|---|---|
| 1 | ਸਮਿਆਂ ਤੋਂ ਪਾਰ | 19 |
| 2 | ਦੁੱਖ ਸੁੱਖ | 20 |
| 3 | ਦਾਗ਼ | 21 |
| 4 | ਚਿਰਾਗ਼ | 22 |
| 5 | ਢਾਣੀ | 23 |
| 6 | ਸੂਰਜ | 24 |
| 7 | ਚੰਨ | 25 |
| 8 | ਸਮੁੰਦਰ | 26 |
| 9 | ਸ਼ਹਾਦਤ | 27 |
| 10 | ਬੇਨਾਮ ਸ਼ਹੀਦਾਂ ਦੇ ਨਾਮ | 28 |
| 11 | ਯਾਦ | 29 |
| 12 | ਨਵੇਂ ਪੁਰਾਣੇ ਵਕਤ | 30 |
| 13 | ਯਾਰ ਦੀ ਗਲੀ | 31 |
| 14 | ਹਿਸਾਬ | 32 |
| 15 | ਦਹਿਸ਼ਤ | 33 |
| 16 | ਕੁੜੀਆਂ | 34 |
| 17 | ਹੌਂਸਲਾ | 35 |
| 18 | ਗ਼ਮ ਤੇ ਕਬਜ਼ਾ | 37 |
| 19 | ਰੂਹ ਦੀ ਮੰਜ਼ਲ | 38 |
| 20 | ਤੇਰਾ ਘਰ | 39 |
| 21 | ਬਹਾਨਾ | 40 |
| 22 | ਕਿਸ ਤਰਾਂ ਲਿਖਾਂ | 41 |
| 23 | ਜੱਜ | 42 |
| 24 | ਯਾਰ ਬਿਨਾਂ | 43 |
| 25 | ਮਾਨਵਤਾ ਦਾ ਰਾਗ | 44 |
| 26 | ਕਵਿਤਾ | 45 |
| 27 | ਅੱਗ | 46 |
| 28 | ਉਦਾਸ ਰੁੱਖ | 47 |
| 29 | ਸੋਚ ਦੇ ਵਲ | 48 |
| 30 | ਪਰਦੇਸ | 49 |
| 31 | ਜਮਾਂ ਘਟਾਓ | 50 |
| 32 | ਕਲਮ ਦਵਾਤ | 51 |
| 33 | ਸਵੇਰ ਹੋਣ ਤੱਕ | 52 |




## ਤਰਤੀਬ


| | | |
|---|---|---|
| 34 | ਕਰਫ਼ਿਊ | 53 |
| 35 | ਤਾੜੀ | 54 |
| 36 | ਵਰਲਡ ਟਰੇਡ ਸੈਂਟਰ | 55 |
| 37 | ਪਹਿਰਾ | 56 |
| 38 | ਉਜੜੇ ਗਰਾਂ | 57 |
| 39 | ਪ੍ਰਦੇਸੀ ਧਰਤੀ | 58 |
| 40 | ਲੜਦੇ ਰਹਾਂਗੇ | 59 |
| 41 | ਉਧਾਰੇ ਖੰਭ | 60 |
| 42 | ਇਹ ਵੀ ਦਿਨ | 61 |
| 43 | ਕੰਮਪਿਊਟਰ ਯੁੱਗ | 62 |
| 44 | ਪਿਆਰ ਦੀ ਗੱਲ | 63 |
| 45 | ਦੋਸਤੀ | 64 |
| 46 | ਲਹੂ ਸ਼ਹੀਦਾਂ ਦਾ | 65 |
| 47 | ਸਫ਼ਰ | 66 |
| 48 | ਪੰਜਾਬੀ | 67 |
| 49 | ਮਾਂ | 69 |
| 50 | ਜੈ ਜਵਾਨ ਜੈ ਕਿਸਾਨ | 70 |
| 51 | ਪਰਦੇਸ ਸਿਧਾਏ | 71 |
| 52 | ਹੱਸਾਉਣਾ ਕੀ | 73 |
| 53 | ਲੋਕ ਨਾਇਕ | 74 |
| 54 | ਭਗਤ ਸਿੰਘ ਸ਼ਹੀਦ | 75 |
| 55 | ਗੁਰੂ ਨਾਨਕ ਨੂੰ | 76 |
| 56 | ਖ਼ਬਰਦਾਰ | 77 |
| 57 | ਮੈਂ ਤੇ ਮੇਰੀ ਤਨਹਾਈ | 78 |
| 58 | ਗਲੋਬਲ ਏਕਤਾ | 79 |
| 59 | ਸ਼ਾਂਤੀ ਦੂਤ | 80 |
| 60 | ਕਦਰ | 81 |
| 61 | ਸਿਲਸਿਲਾ | 82 |
| 62 | ਤੇਰੇ ਸ਼ਹਿਰ ਅੰਦਰ | 83 |
| 63 | ਘਰ ਤੇ ਕਬਰ | 84 |
| 64 | ਇਰਾਕ ਬੰਬਾਰੀ ਤੋਂ ਬਾਅਦ | 85 |
| 65 | ਸੂਹੇ ਬੋਲ | 86 |
| 66 | ਚਿਹਰਾ | 87 |

(ਪ੍ਰਧਾਨ ਮੰਤਰੀ ਡਾ. ਸਰਦਾਰ ਮਨਮੋਹਨ ਸਿੰਘ ਜੀ ਨੂੰ)

ਅੱਜ ਕੱਲ ਦੇਸ਼ ਦਾ, ਪ੍ਰਧਾਨ ਸਰਦਾਰ ਹੈ।
ਹੁਣ ਤਾਂ ਦੇਸ਼ ਮੇਰੇ ਦਾ, ਬੇੜਾ ਪਾਰ ਹੈ ।

## ਸਮਿਆਂ ਤੋਂ ਪਾਰ

ਘਰ ਬਸਤੀ ਰਾਖ਼, ਸ਼ਹਿਰ ਰਾਖਸ਼ ਨਾਲ ਭਿੜ ਰਿਹੈ।
ਜ਼ਿੰਦਾ ਰਹੀ ਮੇਰੀ ਆਸ ਇਰਾਦਾ ਵੀ ਦ੍ਰਿੜ ਰਿਹੈ।

ਬਾਬਰ ਔਰੰਗ ਹਿਟਲਰ, ਮੁੜ ਮੁੜ ਆਉਂਦੇ ਜਾਪਦੇ
ਸ਼ਹਿਰ ਮੇਰਾ ਪਾਣੀ ਕਦੇ ਅੱਗ ਵਿੱਚ ਇਉਂ ਘਿਰ ਰਿਹੈ।

ਸੁਣਿਐ ਪਾਪੀ ਮਾਰਨ ਲਈ, ਪਾਪ ਹੁੰਦਾ ਮਹਾਂਬਲੀ
ਕੀ ਹੋਵੇਗਾ ਪਾਪ ਦਾ ਅੰਤ, ਸਦੀਆਂ ਤੋਂ ਜੋ ਫ਼ਿਰ ਰਿਹੈ।

ਮੌਤ ਤਾਂ ਪਹਿਲਾਂ ਵੀ ਆਈ ਕਈ ਵਾਰ ਸ਼ਹਿਰ ਵਿੱਚ
ਹਰ ਵਾਰ ਕੋਈ ਮਸੀਹਾ ਦਿੰਦਾ ਆਪਣਾ ਸਿਰ ਰਿਹੈ।

ਉਂਞ ਤਾਂ ਇਸ ਸ਼ਹਿਰ ਦਾ ਹਰ ਸ਼ਖਸ਼ ਕੰਡਾ ਬਣ ਚੁੱਕੈ
ਕੌਣ ਹੈ ਜੋ ਬਣ ਕੇ ਖੁਸ਼ਬੂ ਵਿੱਚ ਹਵਾ ਦੇ ਬਿਖ਼ਰ ਰਿਹੈ।

ਬੇਸ਼ਕ ਅੱਗ ਬਹੁਰੰਗੀ, ਲੱਗੀ ਹੈ ਹਰ ਘਰ ਅੰਦਰ
ਹਰ ਘਰ ਅੰਦਰ ਖ਼ੁਸ਼ਬੂ ਦਿੰਦਾ, ਫੁੱਲ ਵੀ ਹੈ ਖਿੜ ਰਿਹੈ।

ਚੰਨ ਤੇ ਕਦੇ ਮੰਗਲ ਤੇ ਜਾਵਾਂ, ਤੈਨੂੰ ਭੁੱਲਾਉਣ ਲਈ
ਕੌਣ ਹੈ, ਫ਼ਿਰ ਸੁਰਤੀ ਵਿੱਚ, ਜੋ ਤੈਨੂੰ ਸਿਮਰ ਰਿਹੈ।

ਬਸਤੀ ਛੱਡ ਕੇ ਕੁੱਦੋਵਾਲ, ਟੁਰ ਗਿਆ ਹੈ ਬਹੁਤ ਦੂਰ
ਉਹੀ ਹੈ ਜੋ ਸ਼ਹਿਰ ਦੀ, ਕੈਨਵਸ ਤੇ ਯਾਦਾਂ ਚਿਤਰ ਰਿਹੈ।

ਕੁੱਦੋਵਾਲ ਕੀ ਉਹਦਾ ਜੀਣਾ, ਜੋ ਮਰ ਮਰ ਕੇ ਜੀਵਿਆ
ਉਹ ਸਮਿਆਂ ਤੋਂ ਪਾਰ ਗਿਆ, ਜੋ ਖੜਾ ਸਥਿਰ ਰਿਹੈ।



## ਦੁੱਖ ਸੁੱਖ

ਫੁੱਲ ਦੁੱਖ ਸੁੱਖ ਦੇ, ਖਿੜਦੇ ਤੇ ਝੜ ਜਾਂਦੇ ਨੇ।
ਜ਼ਖਮ ਡੂੰਘੇ ਵੀ ਹੋਵਣ,ਇੱਕ ਦਿਨ ਭਰ ਜਾਂਦੇ ਨੇ।

ਖੜ੍ਹ ਜਾਵੇ ਨਿੱਤ ਉਲਝਣ ਮੇਰੀ ਰਾਹ ਵਿੱਚ ਮੇਰੇ
ਉਂਞ ਤਾਂ ਸਾਰੇ ਰਸਤੇ ਹੀ ਤੇਰੇ ਘਰ ਜਾਂਦੇ ਨੇ।

ਰੋਜ਼ ਰਾਤ ਨੂੰ ਸੁਫ਼ਨੇ ਮੇਰੇ ਤੇਰੇ ਘਰ ਜਾਵਣ
ਤੇਰੀਆਂ ਕੰਧਾਂ ਨਾਲ ਜੂਝ ਕੇ ਮਰ ਜਾਂਦੇ ਨੇ।

ਸਮੇਂ ਦਾ ਗੇੜ ਹੈ ਜਾਂ ਸੋਚ ਦਾ ਫੇਰ ਅੱਜਕੱਲ
ਬੋਲੀ ਬਦਲਦੇ ਸਾਥੀ ਤੇ ਰਾਹ ਬਿਖਰ ਜਾਂਦੇ ਨੇ।

ਰੋਸ਼ਨ ਮੁਨਾਰਾ ਵੀ ਹੋਵੇ ਤੇ ਦਿਲ ਨੂੰ ਪਿਆਰਾ ਵੀ
ਉਹ ਸੂਰਜ ਨੇ ਕਿਥੇ ਜੋ ਦੂਰ ਹਨ੍ਹੇਰਾ ਕਰ ਜਾਂਦੇ ਨੇ।

ਤੇਰੇ ਘਰ ਦਾ ਬੂਹਾ ਬੰਦ ਮੇਰੇ ਦਿਲ ਦੀ ਧੜਕਣ
ਲੋਕੋ ਮੁਹੱਬਤ ਦੇ ਵਣਜਾਰੇ ਹੋ ਬੇਘਰ ਜਾਂਦੇ ਨੇ।

ਜਿਸ ਸ਼ਹਿਰ ਵਿੱਚ ਲੋਕ ਵਸੀਂਦੇ ਕੁੱਦੋਵਾਲ ਨਹੀਂ
ਉਸ ਸ਼ਹਿਰ ਦੇ ਰਾਹ ਵੀ ਅਕਸਰ ਵਿਸਰ ਜਾਂਦੇ ਨੇ।

## ਦਾਗ਼

ਕਿਉਂ ਬਿਨ ਮਤਲਬ ਲੋਕੀ, ਰੋਂਦੇ ਰਹਿੰਦੇ ਨੇ।
ਸਭ ਕੁੱਝ ਤੇ ਨਹੀਂ ਮਿਲਦਾ, ਸਿਆਣੇ ਕਹਿੰਦੇ ਨੇ।

ਦੇਖ ਕੇ ਤੇਰੇ, ਆਪਣੇ ਦਰਦ ਵੀ ਜਾਗ ਪਏ
ਦਾਗ਼ ਜ਼ਖ਼ਮ ਦੇ, ਆਪ ਕਹਾਣੀ ਕਹਿੰਦੇ ਨੇ।

ਅੱਤ ਜਨੂੰਨੀ, ਕੱਟਰਪੰਥੀ, ਦਹਿਸ਼ਤਗਰਦ
ਦੁਸ਼ਮਣ ਮਾਨਵਤਾ ਦੇ, ਕਿਤੇ ਵੀ ਰਹਿੰਦੇ ਨੇ।

ਰੋਜ਼ ਰਾਤ ਨੂੰ, ਪਿੰਡ ਵੀ ਜੰਗਲ ਬਣ ਜਾਂਦਾ
ਤ੍ਰਿਆਸੀ ਤੋਂ ਤਿਰਾਨਵੇਂ, ਤੀਕਰ ਕਹਿੰਦੇ ਨੇ।

ਜੇਲ੍ਹਾਂ, ਤਿਹਾੜ, ਸਾਇਬੇਰੀਆ, ਅਬੂ਼ਗਰੀਬ, ਦੀਆਂ
ਮਾਰਾਂ ਇਕੋ ਜਿਹੀਆਂ, ਚੜ੍ਹਦੇ ਲਹਿੰਦੇ ਨੇ।

ਰਹਿਬਰ ਅੱਜ ਕੱਲ, ਭੁੱਲ ਬੈਠੇ ਨੇ ਰਾਹਬਰੀ
ਬੰਦਿਆਂ ਅੰਦਰ ਬੈਠੇ, ਝੋਟੇ ਖਹਿੰਦੇ ਨੇ।

ਦਿਲ ਦਰਵਾਜ਼ੇ ਬੰਦ, ਦਿਮਾਗੀਂ ਜੰਦਰੇ
ਕੁੱਦੋਵਾਲ ਹੁਣ ਨੇਤਾ, ਸੁੱਖ ਨਾਲ ਰਹਿੰਦੇ ਨੇ।



## ਚਿਰਾਗ

ਜਗਦਾ ਜਦੋਂ ਵੀ, ਕਿਸੇ ਘਰ ਦਾ ਚਿਰਾਗ।
ਹਨ੍ਹੇਰਾ ਦੂਰ ਤੱਕ ਢੋਂਹਦਾ, ਉਸਦਾ ਸੁਰਾਗ।

ਕੁੜਤੀ ਮਲਮਲ ਦੀ, ਨਹੀਂ ਕੱਲੀ ਗੁਨਾਹਗਾਰ
ਚਿੱਟੇ ਚੋਲੇ ਵੀ ਹੁੰਦੇ ਨੇ, ਅਕਸਰ ਦਾਗੋਦਾਗ।

ਤੂੰ ਸੰਭਲ ਤੇ ਸੰਭਾਲ, ਆਪਣੀ ਤਲਵਾਰ
ਸਿਰ ਦੇਣਾ ਹੈ ਮੈਂ, ਇਹ ਹੈ ਮੇਰਾ ਸੁਭਾਗ।

ਸਿਰਫ ਜੀਣਾ ਨਹੀਂ, ਮਰਨਾ ਵੀ ਹੈ ਇੱਕ ਅਦਾ
ਜ਼ਿੰਦਗੀ ਉਹ ਹੈ, ਜੋ, ਮੌਤ ਪਿਛੋਂ ਵੀ ਰਹੇ ਬੇਦਾਗ।

ਸਿਰ ਤਲੀ ਤੇ ਰੱਖਣਾ, ਮਕਤਲ ਵੱਲ ਤੁਰਨਾ
ਗਾਉਣਾ ਸਦੀਆਂ ਨੇ, ਐਸੇ ਹੀ ਪਲਾਂ ਦਾ ਰਾਗ।

ਰਸ਼ਕ ਹੁੰਦੈ ਤੱਕ ਕੇ, ਕਈ ਬੁੰਗੇ ਸ਼ਹੀਦਾਂ ਦੇ
ਕਸ਼ਟ ਹੁੰਦੈ ਤੱਕ ਕੇ, ਬੁਝੇ ਘਰਾਂ ਦੇ ਚਿਰਾਗ।

ਨ ਮਿਟਣਗੇ ਕਦੇ, ਸਦਾ ਹੀ ਰਹਿਣਗੇ ਨਿਖ਼ਰੇ
ਸੂਹੇ ਚਿੱਤਰ ਨੇ ਕੰਧਾਂ ਤੇ, ਸਾਡੇ ਖ਼ੂਨ ਦੇ ਦਾਗ।

ਮਿਟਾਉ ਬੇਸ਼ਕ, ਫੈਲ ਜਾਣਾ ਇਤਿਹਾਸ ਵਿਚ
ਬਣਕੇ ਕਥਾ, ਦਿੱਤੀਆਂ ਕੁਰਬਾਨੀਆਂ ਦੀ ਯਾਦ।

ਹਨ੍ਹੇਰੀ ਝੁੱਲਦੀ, ਤਾਂ ਫੁੱਲਾਂ ਦੀ ਰਾਖੀ ਕੌਣ ਬਹਿੰਦੈ
ਐਸੇ ਮੌਸਮਾਂ ਵਿੱਚ, ਤਾਂ ਉੱਜੜ ਜਾਂਦੇ ਨੇ ਬਾਗ।

## ਢਾਣੀ

ਇੱਕ ਢਾਣੀ, ਆਪਣੇ ਹੀ, ਸ਼ਹਿਰ ਚਲੀ ਦੋਸਤੋ।
ਅੱਗ ਅੱਗ ਖੇਡਦੀ, ਗਲੀ ਗਲੀ ਦੋਸਤੋ।

ਖਿੜ ਰਹੀ, ਰਾਤ ਦੀ ਰਾਣੀ, ਸੀ ਬੇਖਬਰ
ਰੁੱਤ ਐਸੀ, ਮਸਲ ਦਿੱਤੀ, ਹਰ ਕਲੀ ਦੋਸਤੋ।

ਜੰਮ ਨ ਦਏ ਕਿਤੇ, ਲੋਕਾਂ ਦਾ ਵਾਰਸ
ਪੇਟ ਤੋਂ ਸੀ, ਜੋ ਵੀ ਔਰਤ, ਦਲੀ ਦੋਸਤੋ।

ਵਕਤ ਦਾ ਕਾਨੂੰਨ, ਖੜ੍ਹਾ ਹੱਸਦਾ ਰਿਹਾ
ਅੱਗ ਮੰਗਦੀ ਰਹੀ, ਬੰਦੇ ਦੀ ਬਲੀ ਦੋਸਤੋ।

ਰੁੱਖ ਬੜਾ ਜਦ ਵੀ ਗਿਰੇ, ਆਲ੍ਹਣੇ ਵੀ ਟੁੱਟਦੇ
ਬੇਖ਼ਬਰ ਪੰਛੀ, ਅੱਗ ਮਹਾਂ- ਛਲੀ ਦੋਸਤੋ।

ਕੁੱਦੋਵਾਲ ਦੀ ਵੀ, ਕਿਸੇ ਨਾ ਲਈ ਖ਼ਬਰ
ਘਰ ਅੰਦਰ ਲਾਸ਼ ਤੱਕ, ਭਾਵੇਂ ਜਲੀ ਦੋਸਤੋ।



## ਸੂਰਜ

ਮੇਰੇ ਮਨ ਵਿੱਚ ਚੜ੍ਹ ਗਿਆ ਸੂਰਜ।
ਨ੍ਹੇਰੇ ਮੂਹਰੇ ਅੜ੍ਹ ਗਿਆ ਸੂਰਜ।

ਮੇਰੇ ਦਿਲ ਨੂੰ ਰੋਸ਼ਨ ਕਰਕੇ
ਵਿੱਚ ਅਕਾਸ਼ੀਂ ਖੜ੍ਹ ਗਿਆ ਸੂਰਜ।

ਇੱਕ ਸਵੇਰ ਨਾ ਦੇਣੀ ਮੰਨਿਆ
ਵੇਖੋ ਕਿਵੇਂ ਤੜ੍ਹ ਗਿਆ ਸੂਰਜ।

ਪੱਛਮ ਵੱਲ ਨੂੰ ਢੋਈ ਜਾਂਦਾ
ਪੂਰਬ ਵਿੱਚ ਜੁ ਪੜ੍ਹ ਗਿਆ ਸੂਰਜ।

ਜਜ਼ਬਾਤ ਦੀ ਕਦਰ ਨਾ ਪਾਵੇ
ਤਕਰੀਰਾਂ ਵਿੱਚ ਹੜ੍ਹ ਗਿਆ ਸੂਰਜ।

ਨਜ਼ਰ ਮੇਰੀ 'ਚੋਂ ਡਿੱਗਿਆ ਏਦਾਂ
ਲੋਕੀ ਸਮਝਣ ਮਰ ਗਿਆ ਸੂਰਜ।

ਕਿਰਨਾਂ ਮੈਨੂੰ ਚਿਪਕਣ ਛੁਹਵਣ
ਦੇਖੋ ਕਿਵੇਂ ਸੜ੍ਹ ਗਿਆ ਸੂਰਜ।

ਆਪਣੀ ਰੋਸ਼ਨ ਕਲਾ ਦੇ ਸਦਕੇ
ਕੁੱਦੋਵਾਲ ਕਈ ਘੜ੍ਹ ਗਿਆ ਸੂਰਜ।

## ਚੰਨ

ਤਪਦਾ ਰੇਤਾ, ਕੱਲਾ ਰੁੱਖ, ਰੋਵੇ ਚੰਨ।
ਤੋਪਾਂ ਚੱਲਣ, ਰੀਝਾਂ ਟੁੱਟਣ, ਸੋਵੇ ਚੰਨ।

ਖੁਸ਼ੀ ਗਮੀ ਦਾ ਸੰਗ, ਤੇਰੇ ਸੰਗ ਵਰਗਾ
ਦਰਦ ਆਪਣਾ, ਹੰਝੂਆਂ ਵਿੱਚ ਡੁਬੋਵੇ ਚੰਨ।

ਪਹਿਲਾਂ ਪਹਿਲਾਂ, ਝਾਤ ਜਹੀ ਪਾ ਛੁਪ ਜਾਵੇ
ਅੱਧਾ ਪੌਣਾ ਚੰਨ, ਵੀ ਲੱਗੇ ਪੂਰਾ ਚੰਨ।

ਤੇਰਾ ਗ਼ਮ, ਇਨਕਲਾਬ ਦਾ ਰਾਹ ਬਣਿਆ
ਮੋਢਿਆਂ ਉੱਤੇ, ਦੁੱਖ ਲੋਕਾਂ ਦੇ ਢੋਵੇ ਚੰਨ।

ਹੁਣ ਆਜ਼ਾਦੀ, ਜਾਂ ਸ਼ਹਾਦਤ ਪਾਉਣੀ ਹੈ
ਹਿੱਕ ਤਾਣ ਕੇ, ਉੱਚੀ ਨਜ਼ਰ ਖਲੋਵੇ ਚੰਨ।

ਮੇਰੀ ਬਸਤੀ, ਬਾਰਸ਼ ਕਦੇ ਉਡੀਕੇ ਨਾ
ਰਾਤ ਚਾਨਣੀਂ, ਛੱਤਾਂ ਥਾਣੀ ਚੋਵੇ ਚੰਨ।

ਸਰੱਹਦਾਂ ਬੰਨੇ, ਤੋੜ ਕੇ ਮੈਂ ਇੱਕ ਕਰਾਂ
ਅੰਬਰਸਰ ਲਹੌਰ ’ਤੇ, ਜਦ ਖਲੋਵੇ ਚੰਨ।

ਕੁੱਦੋਵਾਲ ਤਾਂ, ਬਿਖੜੇ ਰਾਹੀਂ ਤੁਰਦਾ ਹੈ
ਭਾਵੇਂ ਹੋਵੇ ਨਾਲ, ਜਾਂ ਨਾ ਹੋਵੇ ਚੰਨ।



## ਸਮੁੰਦਰ

ਸਮੁੰਦਰ ਚੀਰ, ਪਰਬਤਾਂ ਤੇ ਚੜ੍ਹ ਜਾਵਾਂਗਾ।
ਮੇਰਾ ਵਿਸ਼ਵਾਸ਼ ਹੈ, ਮੈਂ ਤੇਰੇ ਘਰ ਆਵਾਂਗਾ।

ਹਨ੍ਹੇਰੀ ਚੜ੍ਹ ਕੇ ਆਵੇਗੀ, ਉੱਠਣਗੇ ਬੇਸ਼ਕ ਤੂਫ਼ਾਨ
ਮੇਰਾ ਯਕੀਨ ਹੈ, ਇਤਿਹਾਸ ਮੈਂ ਨਵਾਂ ਘੜ੍ਹ ਜਾਵਾਂਗਾ।

ਕਿਨਾਰਾ ਤੋੜਨਾ, ਕੋਸ਼ਿਸ਼ ਰਹੀ ਲਗਾਤਾਰ ਲਹਿਰਾਂ ਦੀ
ਸੀਨਾ ਤਾਣ ਕੇ ਆਪਣਾ, ਮੈਂ ਸਾਹਵੇਂ ਖੜ੍ਹ ਜਾਵਾਂਗਾ।

ਸਰਮਦ ਨਹੀਂ, ਮਨਸੂਰ ਤੇ ਈਸਾ ਵੀ ਨਹੀਂ ਹਾਂ
ਲੋਕ ਹੱਕਾਂ ਦੀ ਖਾਤਰ, ਪਰ ਸੂਲੀ ਚੜ੍ਹ ਜਾਵਾਂਗਾ।

ਮੇਰੇ ਕਦਮ ਨ ਡੋਲਣਗੇ, ਖੁਦ ਚੱਲ ਕੇ ਆਵਣਗੇ
ਸਿਰ ਤਲੀ ਤੇ ਰੱਖ ਆਪਣਾ, ਚੌਂਕ ਵਿੱਚ ਖੜ ਜਾਵਾਂਗਾ।

ਰੋਸ਼ਨ ਰਹੇਗੀ ਸਦਾ, ਨਾ ਬੁੱਝ ਜਾਣ ਦੀ ਕਦੇ ਸ਼ੰਕਾ
ਸ਼ਮਾਂ ਮਾਨਵੀ ਮੁੱਲਾਂ ਦੀ, ਮੈਂ ਜਿਸ ਤੇ ਸੜ ਜਾਵਾਂਗਾ।

ਬੇਸ਼ਕ ਵਿਸ਼ਾਲ ਹੈ ਸਾਗਰ, ਤੇ ਬੜਾ ਗਹਿਰਾ ਵੀ
ਉਸਦੀ ਵੀ ਹੈ ਸੀਮਾ, ਮੈਂ ਜਿਸਨੂੰ ਫੜ ਜਾਵਾਂਗਾ।

## ਸ਼ਹਾਦਤ

ਸੂਰਜ ਛਿਪ ਗਿਐ, ਕਾਇਨਾਤ ਬਦਲ ਰਹੀ ਹੈ।
ਹਨ੍ਹੇਰੇ ਦੀ ਸ਼ਹਿ 'ਚ, ਦਹਿਸ਼ਤ ਮਚਲ ਰਹੀ ਹੈ।

ਜੋ ਕੱਲ੍ਹ ਤੱਕ, ਤੇਰੇ ਸ਼ਹਿਰ ਦੇ ਚੌਕਾਂ 'ਚ ਡੁੱਲ੍ਹਾ
ਉਸ ਲਹੂ ਦੀ ਰੰਗਤ, ਅੱਜ ਕੰਧਾਂ ਤੇ ਚੜ੍ਹ ਰਹੀ ਹੈ।

ਗਲ ਮੇਰੇ ਵਿੱਚ ਟਾਇਰ ਪਾ, ਮੈਨੂੰ ਜਲਾ ਰਹੇ ਓ
ਸ਼ਹਾਦਤ ਦੇ ਪਰਵਾਨਿਆਂ ਲਈ, ਲਾਟ ਬਲ ਰਹੀ ਹੈ।

ਨੀਤੀ ਚਲਾ ਕੇ ਹਾਰੇ, ਤੋਪਾਂ ਚਲਾ ਕੇ ਹਾਰੇ
ਪਰ ਕੌਮ ਮੇਰੀ, ਕੁਰਬਾਨੀ ਦੀ, ਨਸਲ ਰਹੀ ਹੈ।

''ਹਾਂ ਜੀ ਹਾਂ ਜੀ'' ਕਹਿਣਾ, ਤੇ ਖ਼ਾਮੋਸ਼ ਰਹਿਣਾ
ਬੱਸ ਇਹੋ ਸਮਝਦਾਰੀ ਮੈਨੂੰ, ਖ਼ਲ ਰਹੀ ਹੈ।

ਕਦੇ ਤਾਂ ਮਰਦ, ਔਰਤ ਦੀ ਕਰੇਗਾ ਕਦਰ
ਆਸ ਇਹੀ, ਦਿਲ ਵਿੱਚ ਮਿਰੇ, ਪਲ ਰਹੀ ਹੈ।

ਜਿਨ੍ਹਾਂ ਦੇ ਚੁੱਲ੍ਹਿਆਂ 'ਚ, ਕਦੇ ਕਦੇ ਬਲਦੀ ਸੀ ਅੱਗ
ਕੱਲ੍ਹ ਰਾਤ ਤੋਂ ਉਹ ਬਸਤੀ, ਸਾਰੀ ਹੀ ਜਲ ਰਹੀ ਹੈ।

ਬੰਨ੍ਹ ਕੱਫਣ ਸਿਰ ਆਪਣੇ, ਟਿਕਾ ਸਿਰ ਤਲੀ ਆਪਣੀ
ਜਿੱਤ ਜਾਣਾ ਜਾਂ ਮਰ ਜਾਣਾ, ਸੂਰਮਿਆਂ ਦੀ ਗੱਲ ਰਹੀ ਹੈ।



## ਬੇਨਾਮ ਸ਼ਹੀਦਾਂ ਦੇ ਨਾਂ

ਜੋ ਛੱਡ ਗਏ ਵਿੱਚ ਹਵਾਵਾਂ ਦੇ, ਗੱਲ ਹੋਈ ਮਸ਼ਹੂਰ ਨਹੀਂ।
ਹਰ ਘਰ ਵਿੱਚ ਪਹੁੰਚਾਵਾਂਗੇ, ਅਸੀਂ ਭਾਵੇਂ ਅੱਜ ਮਜਬੂਰ ਸਹੀ।

ਅਸੀ ਤੇਰੀਆਂ ਰਾਹਵਾਂ ਤੇ, ਨਿੱਤ ਪਹਿਰਾ ਦੇਵਾਂਗੇ ਸਾਥੀ
ਨਜ਼ਰਾਂ ਤੋਂ ਓਝਲ ਹੋਇਓਂ ਤੂੰ, ਪਰ ਦਿਲ ਤੋਂ ਦੂਰ ਨਹੀਂ।

ਨ ਅਟਕਾਂਗੇ ਨਾ ਭਟਕਾਂਗੇ, ਹਰ ਔਕੜ ਪਹਿਲਾਂ ਝਟਕਾਂਗੇ
ਜੋ ਰਾਹ ਦੇ ਵਿੱਚ ਭਰਮਾ ਲਵੇ, ਐਸੀ ਕੋਈ ਹੂਰ ਨਹੀਂ।

ਫੱਟ ਖਾ ਖਾ ਜਵਾਨ ਹੋਏ, ਸਾਨੂੰ ਮਿਲਦੀ ਤਾਕਤ ਸੱਟਾਂ ਤੋਂ
ਦਰਦ ਦਵਾ ਹੈ ਸਾਡੇ ਲਈ, ਇਹ ਸ਼ੌਕ ਹੈ ਨਾਸੂਰ ਨਹੀਂ।

ਇਹ ਜਖ਼ਮ ਨਹੀਂ ਇਤਿਹਾਸ ਹੈ, ਬਾਬਰ ਤੋਂ ਅੱਜ ਦੇ ਅੰਤ ਤੱਕ
ਰਿਸਦੇ ਆਜ਼ਾਦੀ ਤੱਕ ਰਖਣੇ, ਸੁੱਕ ਜਾਣ ਕਦੇ ਮੰਨਜ਼ੂਰ ਨਹੀਂ।

ਸ਼ਮਾਂ ਜੋ ਤੁਸੀਂ ਜਗਾਈ ਸੀ, ਵਿੱਚ ਖ਼ੂਨ ਜਵਾਨੀ ਪਾਉਂਦੀ ਰਹੂ
ਜਦ ਕੌਮ ਆਜ਼ਾਦ ਕਹਾਏਗੀ, ਉਹ ਦਿਨ ਜ਼ਿਆਦਾ ਦੂਰ ਨਹੀਂ।

ਹਰ ਸ਼ਖ਼ਸ਼ ਅਜ਼ਾਦੀ ਮਾਣੇਂ ਸਾਥੀ, ਤੇਰੀਆਂ ਵੱਡੀਆਂ ਰੀਝਾਂ ਸਨ
ਬੇਸ਼ਕ ਵੱਢੇ ਗਏ ਜ਼ਿੰਦਾ ਸਾੜੇ ਗਏ, ਪਰ ਜਜ਼ਬੇ ਚਕਨਾਚੂਰ ਨਹੀਂ।

ਕਦੇ ਪਿੱਛੇ ਝਾਤੀ ਮਾਰ ਤਾਂ ਸਹੀ, ਅਸੀਂ ਕਿਸ ਮੰਜ਼ਲ ਤੇ ਅਟਕੇ ਹਾਂ
ਲੈ ਕੁੱਦੋਵਾਲ ਦੀ ਸਾਰ ਕਦੇ, ਤੂੰ ਐਨਾ ਵੀ ਮਗ਼ਰੂਰ ਨਹੀਂ।

## ਯਾਦ

ਦਿਲ ਵਿੱਚ ਆਉਂਦੀ ਰਹਿੰਦੀ, ਯਾਦ ਕਿਸੇ ਦੀ।
ਹੰਝੂ ਨਿੱਤ ਵਗ਼ਾਉਂਦੀ ਰਹਿੰਦੀ, ਯਾਦ ਕਿਸੇ ਦੀ।

ਕਲੀਆਂ ਬਣ ਕੇ, ਮਹਿਕਾਂ ਵੰਡੀ ਜਾਂਦੀ ਹੈ
ਸੀਨੇ ਵਿੱਚ, ਦਰਦ ਲੁਕਾਉਂਦੀ ਯਾਦ ਕਿਸੇ ਦੀ।

ਅੱਖਰ ਧੂਨੀ ਸ਼ਬਦ, ਆਲਾਪ ਰਾਗ ਬਣੇ
ਕੰਨਾਂ ਦੇ ਵਿੱਚ, ਹਰਦਮ ਗਾਉਂਦੀ ਯਾਦ ਕਿਸੇ ਦੀ।

ਵੇਖ ਲਹੂ ਦਾ ਰੰਗ, ਦੇਸ਼ ਦੇ ਝੰਡੇ ਵਿਚ
ਜ਼ੁਲਮ ਦੇ ਕਿੱਸੇ, ਖੋਹਲ ਵਿਖਾਉਂਦੀ ਯਾਦ ਕਿਸੇ ਦੀ।

ਵਾਂਗ ਪਤੰਗੇ ਉੱਡ ਕੇ, ਸ਼ਮਾਂ ਤੇ ਸੜ੍ਹ ਜਾਂਦੇ
ਆਜ਼ਾਦੀ ਦੀ ਤੜਪ, ਜਗਾਉਂਦੀ ਯਾਦ ਕਿਸੇ ਦੀ।

ਕਥਾ ਤੇਰੀ ਨਿੱਤ ਚਲਦੀ, ਸੱਥਾਂ ਚੌਕਾਂ ਵਿਚ
ਕੁਰਬਾਨੀ ਦਾ, ਰਾਹ ਦਿਖਾਉਂਦੀ ਯਾਦ ਕਿਸੇ ਦੀ।

ਕੁੱਦੋਵਾਲ ਵੀ, ਇਨਕਲਾਬ ਦੇ ਰਾਹ ਤੁਰਿਆ
ਸੂਰਜ ਵਾਂਗੂੰ, ਚੜ੍ਹਕੇ ਆਉਂਦੀ ਯਾਦ ਕਿਸੇ ਦੀ।



## ਨਵੇਂ ਪੁਰਾਣੇ ਵਕਤ

ਨਵੇਂ ਪੁਰਾਣੇ ਵਕਤਾਂ ਵਿੱਚ ਬਹੁਤਾ ਫ਼ਰਕ ਨਹੀਂ।
ਉਦੋਂ ਵੀ ਲੋਕ ਗਰੀਬ ਸਨ ਅੱਜ ਵੀ ਗਰੀਬ ਨੇ।

ਬੇਸ਼ਕ ਲੰਬੀ ਬਹੁਤ ਹੈ, ਇਤਿਹਾਸ ਦੀ ਟੇਢੀ ਸੜਕ
ਉਦੋਂ ਵੀ ਲੋਕ ਅਜੀਬ ਸਨ, ਅੱਜ ਵੀ ਅਜੀਬ ਨੇ।

ਆਮ ਲੋਕਾਂ ਨੂੰ ਕਦੇ, ਪੁੱਛਿਆ ਹੀ ਨਹੀਂ ਕਿਸੇ
ਉਦੋਂ ਵੀ ਉਹ ਨਾਚੀਜ਼ ਸਨ, ਅੱਜ ਵੀ ਨਾਚੀਜ਼ ਨੇ।

ਦਰੋਪਦੀਆਂ ਦਾ ਚੀਰ ਹਰਣ ਜੋ ਕਰਦੇ ਰਹੇ
ਉਦੋਂ ਵੀ ਉਹ ਸ਼ਰੀਫ਼ ਸਨ ਅੱਜ ਵੀ ਸ਼ਰੀਫ਼ ਨੇ।

ਸੀਤਾ ਵਰਗੀਆਂ ਮਾਵਾਂ ਦਿੰਦੀਆਂ ਅਗਨ ਪ੍ਰੀਖਿਆ
ਅੱਜ ਵੀ ਸੜ੍ਹਦੀਆਂ ਮਰਦੀਆਂ ਕੈਸੇ ਨਸੀਬ ਨੇ।

ਔਰਤ ਹੋਣ ਦੀ ਸਜ਼ਾ ਹੋਈ ਕਦੇ ਵੀ ਘੱਟ ਨਾ
ਉਦੋਂ ਸ਼ਰੇਆਮ ਸੀ ਅੱਜ ਕੁੜੀਮਾਰ ਸ਼ਰੀਫ਼ ਨੇ।

ਵਤਨਪ੍ਰਸਤਾਂ ਦੀ ਸਜ਼ਾ ਮੌਤ ਹੀ ਰਹੀ ਸਦਾ
ਉਦੋਂ ਵੀ ਹੁੰਦੇ ਸ਼ਹੀਦ ਸਨ ਅੱਜ ਵੀ ਸ਼ਹੀਦ ਨੇ।

ਕੁੱਦੋਵਾਲ ਇੱਕ ਪਿੰਡ ਸੀ ਅੱਜ ਵੀ ਪਿੰਡ ਹੈ
ਨਾਮ ਲੈਂਦਾਂ ਤਾਂ ਯਾਦ ਆਵਣ ਨਾਨਕ ਫਰੀਦ ਨੇ।

## ਯਾਰ ਦੀ ਗਲੀ

ਇਸ ਤਰ੍ਹਾਂ ਅੱਜ ਕੱਲ੍ਹ, ਕਿਉਂ ਮੇਰਾ ਹਾਲ ਹੈ।
ਜਿਸਦਾ ਹੱਲ ਢੂੰਢਦਾਂ, ਅਜੀਬ ਸਵਾਲ ਹੈ।

ਜੀਉਂਦਾ ਸਾਂ, ਤਾਂ ਤਿੱਥਾਂ ਵਾਰ ਸਨ ਬੜੇ
ਅੱਜ ਮੋਏ, ਕੱਲ ਦੂਜਾ ਦਿਨ, ਕੀ ਚਾਲ ਹੈ।

ਘਰੋਂ ਤੁਰਿਆਂ ਸਾਂ, ਤਾਂ ਭੀੜ ਸੀ ਬੜੀ
ਮੰਜ਼ਲ ਤੇ ਦੇਖਾਂਗੇ, ਕਿਹੜਾ ਨਾਲ ਹੈ।

ਫਸਿਐਂ ਜਿਸ ਵਿੱਚ, ਤੇ ਹੋਇਐਂ ਮਜਬੂਰ
ਆਪ ਵਿਛਾਇਆ ਹੋਇਆ, ਤੇਰਾ ਜਾਲ ਹੈ।

ਮੁਹੱਬਤ ਉਸਦੇ ਨਾਲ, ਹੈ ਜਾਂ ਆਪਣੇ
ਐ ਦਿਲਾ ਤੂੰ ਹੀ ਦੱਸ, ਕੀ ਖਿਆਲ ਹੈ।

ਕਰਕੇ ਦਾਨ ਪੁੰਨ, ਕੁਝ ਦਾਗ਼ ਧੋ ਲਏ
ਧੋਵੇਂਗਾ ਕਿਸ ਤਰ੍ਹਾਂ, ਜੋ ਮਨ ਦੇ ਨਾਲ ਹੈ।

ਹਰ ਮੋੜ ਤੇ ਟਕੂਏ, ਸੰਗੀਨਾਂ ਦੇਣਗੇ ਪਹਿਰਾ
ਪਹੁੰਚੇਗਾ ਯਾਰ ਦੀ ਗਲੀ, ਉਹ ਕੁੱਦੋਵਾਲ ਹੈ।



## ਹਿਸਾਬ

ਕਾਹਦੀ ਸੋਚ, ਕਿਸਦਾ ਗ਼ਮ, ਜੋ ਹੋਣਾ ਸੋ ਹੋਣਾ ਹੈ।
ਮਿਲਿਆ ਜੋ ਮਿੱਟੀ ਹੋਇਆ, ਜੋ ਗੁੰਮਿਆਂ ਸੋ ਸੋਨਾ ਹੈ।

ਸੋਚ ਕੇ ਪੈਰ ਜ਼ਮੀਨ ਤੇ ਰੱਖੀਂ, ਹਰ ਇੱਕ ਦਾ ਹਿਸਾਬ ਹੈ ਹੋਣਾ
ਕਰਮਾਂ ਦੀ ਖੇਤੀ ਸੱਜਣਾਂ, ਉਹ ਵੱਢਣਾ ਜੋ ਬੋਣਾ ਹੈ।

ਹੱਸ ਲੈ ਨੱਚ ਲੈ ਮੌਜਾਂ ਕਰ ਲੈ, ਹੁਸਨ ਜਵਾਨੀ ਚਾਰ ਦਿਹਾੜੇ
ਇਸ਼ਕ ਜਦੋਂ ਸਿਰ ਚੜ੍ਹ ਕੇ ਬੋਲੇ ਕਿਸ ਜਗਣਾ ਕਿਸ ਸੌਣਾ ਹੈ।

ਤੇਰੀਆਂ ਅੱਖਾਂ ਰਾਹੀਂ ਤੱਕਾਂ ਤੇਰੇ ਬੋਲਾਂ ਰਾਹੀਂ ਬੋਲਾਂ
ਰੂਹ ਮੇਰੀ ਵਿੱਚ ਸੱਜਣ ਵੱਸੇ, ਗੀਤ ਸੱਜਣ ਦਾ ਗਾਉਣਾ ਹੈ।

ਮੇਰੀ ਬਸਤੀ ਖਵਾਬ ਦੇਖਦੀ, ਬਿਜਲੀ ਪਾਣੀ ਛੱਤਾਂ ਦਾ
ਮੰਤਰੀ ਫੋਕੇ ਵਾਅਦੇ ਕੀਤੇ, ਮੁੜ ਬਸਤੀ ਕਿਸ ਆਉਣਾ ਹੈ।

ਹਰ ਬਸਤੀ ਹਰ ਸ਼ਹਿਰ ਵਿੱਚ, ਧਾਕਾਂ ਨੇ ਬਾਰੂਦ ਦੀਆਂ
ਕਰੋਧ ਪਲੀਤਾ ਲਾ ਕੇ ਨੇਤਾ, ਸ਼ਾਂਤੀ ਸ਼ਾਂਤੀ ਗਾਉਣਾ ਹੈ।

ਕੁੱਦੋਵਾਲ ਦੀ ਰੂਹ ਹੁਣ ਯਾਰੋ, ਹੱਦਾਂ ਬੰਨੇ ਪਾਰ ਹੋਈ
ਮਾਨਵ ਇੱਕ ਬਰਾਬਰ ਹੋਵੇ, ਇੱਕੋ ਨਾਅਰਾ ਲਾਉਣਾ ਹੈ।

## ਦਹਿਸ਼ਤ

ਜੰਗਲ ਜੰਗਲ ਬਸਤੀ ਬਸਤੀ, ਗਾਹ ਗਈ ਦਹਿਸ਼ਤ।
ਭਾਸ਼ਾ ਧਰਮ ਰੰਗ ਨਸਲ ਤੇ, ਛਾ ਗਈ ਦਹਿਸ਼ਤ।

ਹਿੰਦੂ ਮੁਸਲਿਮ ਸਿੱਖ ਈਸਾਈ, ਵੱਖਰੇ ਨਾ
ਬਿਨਾਂ ਵਿਤਕਰੇ ਮਾਰ,ਆਪਣੇ ਰਾਹ ਗਈ ਦਹਿਸ਼ਤ।

ਧਰਮ ਈਮਾਨ ਦੇ ਨਾਂ ਤੇ, ਕਤਲ ਜ਼ਮੀਰ ਕਰੇ
ਜ਼ਿੰਦਾ ਲਾਸ਼ਾਂ, ਮਾਨਵ ਬੰਬ, ਬਣਾ ਗਈ ਦਹਿਸ਼ਤ।

ਬੰਬ ਗੋਲੀਆਂ ਖਾਵੇ, ਉੱਗਲੇ ਅੱਗ ਜਹਿਰੀ
ਪੈਟਰੋਲ ਕਦੇ ਬਾਰੂਦ ਵਿੱਚ, ਨਹਾ ਗਈ ਦਹਿਸ਼ਤ।

ਅੱਗਾਂ, ਲੁੱਟਾਂ, ਖੋਹਾਂ, ਕਰੇ ਬਲਾਤਕਾਰ
ਸੀਨਾ ਜ਼ੋਰੀ ਦੁਨੀਆਂ ਵਿੱਚ, ਸਿਖਾ ਗਈ ਦਹਿਸ਼ਤ।

ਅਫ਼ਸਰ, ਨੇਤਾ, ਗੁੰਡੇ, ਲੁੱਟਦੇ ਜਨਤਾ ਨੂੰ
ਧੱਕੇਸ਼ਾਹੀ ਕਰਕੇ, ਬੇਪਰਵਾਹ ਗਈ ਦਹਿਸ਼ਤ।

ਪੁਲਿਸ, ਵਕੀਲ, ਦਲੀਲ, ਨਿਆਂ, ਦਾ ਬੌਣਾ ਕੱਦ
ਬੱਸਾਂ ਗੱਡੀਆਂ ਹੋਟਲਾਂ ਵਿੱਚ ਵੀ, ਛਾ ਗਈ ਦਹਿਸ਼ਤ।

ਵਤਨ ਛੱਡ ਬੇ-ਵਤਨੇ ਹੋਏ, ਵਾਸੀ ਤੋਂ ਪਰਵਾਸੀ
ਪਰਵਾਸ ਵਿੱਚ ਵੀ, ਨਫ਼ਰਤ ਦੀ ਅੱਗ, ਲਾ ਗਈ ਦਹਿਸ਼ਤ।



## ਕੁੜੀਆਂ

ਗੱਲਾਂ ਤੇਰੇ, ਸਬਰ ਸਿਦਕ ਦੀਆਂ ਤੁਰੀਆਂ ਨੇ।
ਇਹ ਗੱਲਾਂ ਵੀ, ਚੰਗੀਆਂ ਨਹੀਂ, ਬੁਰੀਆਂ ਨੇ।

ਇਹ ਜੁ ਮੇਰੇ, ਘਰ ਦੀਆਂ ਕੰਧਾਂ ਭੁਰੀਆਂ ਨੇ
ਮੈਨੂੰ ਲਗਦੈ, ਘਰ ਦੀਆਂ ਕੁੜੀਆਂ ਤੁਰੀਆਂ ਨੇ।

ਅੱਖਾਂ ਦੇ ਵਿੱਚ, ਸ਼ਰਮ ਹਯਾ ਤੇ ਸਾਦਗੀ
ਇਹ ਮੇਰੇ, ਪੰਜਾਬ ਦੀਆਂ, ਹੀ ਕੁੜੀਆਂ ਨੇ।

ਵਿਦੇਸ਼ੀ ਬੁੱਲ੍ਹਾਂ ਉੱਤੇ, ਸੁਰਖ਼ੀ ਮੁਸਕਾਨਾਂ
ਪਰਸਾਂ ਦੇ ਵਿੱਚ, ਪਿਸਟਲ ਖ਼ੰਜਰ ਛੁਰੀਆਂ ਨੇ।

ਮੁੜ ਕੇ ਕਦ ਮਿਲ ਬੈਠਣ, ਇਹ ਤੇ ਰੱਬ ਜਾਣੇ
ਅੱਜ ਜੋ ਬੈਠ, ਤ੍ਰਿੰਝਣ ਦੇ ਵਿੱਚ ਜੁੜੀਆਂ ਨੇ।

ਜਿਨ੍ਹਾਂ ਮੁੱਖ ਨਾ, ਸੱਜਣ ਵੱਲ ਨੂੰ ਅੱਜ ਕੀਤੇ
ਜ਼ਿੰਦਗੀ ਭਰ ਉਹ ਰੋਵਣ, ਮੁੜ ਮੁੜ ਝੁਰੀਆਂ ਨੇ।

ਸੱਜਣ ਜਿਨਾਂ ਦੇ ਦੂਰ, ਕੋਲ ਵਸੇਂਦੇ ਨਾ
ਸਭ ਗੁਣ ਹੋਵਣ ਪੱਲੇ, ਫਿਰ ਵੀ ਬੁਰੀਆਂ ਨੇ।

## ਹੌਂਸਲਾ

ਮੇਰੇ ਹੌਂਸਲੇ ਦਾ, ਇਹ ਵੀ ਕੱਦ ਸੀ।
ਹਰ ਕਦਮ ਤੇ, ਮੰਜ਼ਲ ਦੀ ਹੱਦ ਸੀ।

ਉਮਰ ਭਰ ਜਿਸਨੂੰ, ਲੱਭਦਾ ਰਿਹਾ
ਉਸਨੂੰ ਮਿਰੀ ਤਲਾਸ, ਮੈਥੋਂ ਵੱਧ ਸੀ।

ਜਿਸਨੂੰ ਸੁਣਦਿਆਂ, ਡੌਲੇ ਸਨ ਫ਼ਰਕਦੇ
ਉਹ ਮਿਰਜ਼ੇ ਯਾਰ ਦੀ, ਹੀ ਸੱਦ ਸੀ।

ਜਿਨ੍ਹਾਂ ਤੇ ਮਾਣ ਸੀ, ਆਪਣੇ ਹੋਣ ਦਾ
ਭੀੜ ਪਈ, ਤਾਂ ਗਏ ਉਹ ਲੱਦ ਸੀ।

ਸੁਪਨਾ ਇੱਕ ਸੀ, ਪੂਰਾ ਕਰ ਲਿਆ
ਟੁੱਟੀਆਂ ਹਸਰਤਾਂ ਦਾ, ਦੁੱਖ ਵੱਧ ਸੀ।

ਪਿਆਰ ਨਹੀਂ ਸੀ ਤੈਨੂੰ, ਨਾ ਸਹੀ
ਤੇਰੀ ਨਫ਼ਰਤ ਵੀ, ਫੁੱਲਾਂ ਦੀ ਗੱਡ ਸੀ।

ਰੀਝਾਂ ਦਾ ਨਹੀਂ, ਕੋਈ ਵੀ ਕਸੂਰ
ਇਹ ਤਾਂ ਬਸ, ਬੇਵਫ਼ਾ ਸਰਹੱਦ ਸੀ।

ਸ਼ਖਸ਼ੀ ਆਜ਼ਾਦੀ ਦਾ, ਹਰ ਰਾਹੀ
ਮਨਸੂਰ ਸੀ, ਜਾਂ ਸਰਮੱਦ ਸੀ।

ਚੌਕਾਂ ਸੱਥਾਂ 'ਚ, ਜੋ ਭਰਦਾ ਗਵਾਹੀ
ਸ਼ਹਾਦਤ ਉਸਦੀ, ਜ਼ੁਲਮ ਦਾ ਬੱਧ ਸੀ।



ਤੁਰਕੇ ਖ਼ੁਦ, ਕਤਲਗਾਹ 'ਚ ਆਇਆ
ਬਾਦਸ਼ਾਹਾਂ ਤੋਂ ਉੱਚਾ, ਓਹਦਾ ਕੱਦ ਸੀ।

ਕੁੱਦੋਵਾਲ ਜ਼ਿੰਦਗੀ, ਜੀਣ ਦਾ ਆਸ਼ਕ
ਹੱਦ ਤੋਂ ਵੀ ਅੱਗੇ, ਉਹਦੀ ਹੱਦ ਸੀ।

## ਗ਼ਮ ਤੇ ਕਬਜ਼ਾ

ਪਹਿਲਾਂ ਆਪਾਂ ਦੋਨੋ, ਵਕਤ ਚੁਰਾ ਲੈਂਦੇ ਸਾਂ।
ਹੁਣ ਬੱਸ ਲਾਰੇ ਲਾ ਲਾ, ਵਕਤ ਟਪਾ ਲੈਂਦੇ ਹਾਂ।

ਜੇ ਮੁਹੱਬਤ ਹੋਵੇ, ਗ਼ਮ ਵੀ ਨਾਲ ਹੀ ਰਹਿੰਦਾ
'ਹਾਏ ਗ਼ਮ' 'ਹਾਏ ਗ਼ਮ' ਦਾ, ਰੌਲਾ ਪਾ ਲੈਂਦੇ ਹਾਂ।

ਦੁਨੀਆਂ ਵਿੱਚ ਹਰ ਵਸਤ, ਵਿਕਾਊ ਹੈ ਯਾਰੋ
ਸਦਾਚਾਰ ਦਾ ਗੀਤ, ਕੁਝ ਚਿਰ ਗਾ ਲੈਂਦੇ ਹਾਂ।

ਕਬਜ਼ਾ ਕਰਨਾ ਧੁਰ ਤੋਂ, ਆਦਤ ਬੰਦੇ ਦੀ
ਕਬਜ਼ਾ ਕਰਕੇ ਰਿਸ਼ਤੇ ਕਈ ਗੰਵਾ ਲੈਂਦੇ ਹਾਂ।

ਇਕ ਦੂਜੇ ਨੂੰ ਵੱਸ ਵਿੱਚ, ਕਰਨਾ ਬੰਦ ਕਰੋ
ਵੱਸ ਵਿੱਚ ਕਰਦੇ, ਆਪਣਾ ਆਪ ਨਿਵਾ ਲੈਂਦੇ ਹਾਂ।

ਮਹਿਬੂਬ ਤੂੰ, ਦੋਸਤ ਵੀ, ਤੇ ਮੋਹ ਮਮਤਾ ਵੀ
ਹਰ ਰਿਸ਼ਤੇ ਦਾ ਨਿੱਘ, ਘਰ ਵਿੱਚ ਪਾ ਲੈਂਦੇ ਹਾਂ।

ਕੁੱਦੋਵਾਲ ਨੇ ਡੁੱਬਦੇ ਵੇਖੇ, ਦੋ ਦੋ ਬੇੜੀਆਂ ਵਾਲੇ
ਇਕ ਬੇੜੀ, ਮੰਝਧਾਰ ਤੋਂ, ਪਾਰ ਲਗਾ ਲੈਂਦੇ ਹਾਂ।



## ਰੂਹ ਦੀ ਮੰਜ਼ਲ

ਤੈਨੂੰ ਮਿਲਣਾ ਬਾਕੀ, ਤੂੰਹੀਓ ਰੂਹ ਦੀ ਮੰਜ਼ਲ।
ਤੂੰਹੀਓ ਸੰਗੀ ਸਾਥੀ, ਤੂੰਹੀਓ ਰੂਹ ਦੀ ਮੰਜ਼ਲ।

ਹੁਣ ਤੱਕ ਯਾਦ ਹੈ ਮੈਨੂੰ, ਤੇਰੀ ਇੱਕ ਇਕ ਗੱਲ
ਤੈਨੂੰ ਲੱਭਦਾ ਫਿਰਿਆ, ਤੂੰਹੀਓ ਰੂਹ ਦੀ ਮੰਜ਼ਲ।

ਤੇਰੇ ਨਾਲ ਮੁਹੱਬਤਾਂ, ਸ਼ਿਕਵਾ ਤੇਰੇ ਨਾਲ
ਤੇਰਾ ਸੰਗ ਨਾ ਛੱਡਣਾ, ਤੂੰਹੀਓਂ ਰੂਹ ਦੀ ਮੰਜ਼ਲ।

ਤੂੰ ਤਾਂ ਵਾਅਦੇ ਭੁੱਲ, ਟੁਰ ਗਿਆਂ ਦੂਰ ਦੇਸ਼
ਮੈਂ ਤੇ ਮੇਰੀ ਇਕੱਲਤਾ, ਤੂੰਹੀਓ ਰੂਹ ਦੀ ਮੰਜ਼ਲ।

ਝੱਖੜ ਝੁੱਲੇ ਨ੍ਹੇਰੀ ਝੁੱਲੇ, ਝੁੱਲੇ ਕਈ ਤੂਫ਼ਾਨ
ਗਲੀ ਯਾਰ ਦੀ ਕਾਅਬਾ, ਤੂੰਹੀਓ ਰੂਹ ਦੀ ਮੰਜ਼ਲ।

ਕੁੱਦੋਵਾਲ ਹੁਣ ਤੇਰਾ ਹੋਇਆ, ਤੇਰਾ ਹੈ ਰਹਿਣਾ
ਤੂੰ ਹੈ ਤਾਂ ਸਭ ਹੈ, ਤੂੰਹੀਓ ਰੂਹ ਦੀ ਮੰਜ਼ਲ।

## ਤੇਰਾ ਘਰ

ਤੇਰੇ ਘਰ ਤੋਂ ਦੂਰ, ਜਦੋਂ ਦਾ ਹੋਇਆ ਹੈ।
ਲੋਕਾਂ ਲਈ ਹੈ ਜ਼ਿੰਦਾ, ਐਪਰ ਮੋਇਆ ਹੈ।

ਤੂੰ ਸੂਰਜ ਤਾਂ, ਰੋਸ਼ਨ ਚਾਰ ਚੌਫ਼ੇਰਾ ਸੀ
ਬਿਨ ਤੇਰੇ ਤਾਂ, ਬੱਸ ਹਨ੍ਹੇਰਾ ਢੋਇਆ ਹੈ।

ਤੇਰੇ ਨਾਲ ਤਾਂ, ਦੁੱਖ ਵੀ ਸੀ ਫੁੱਲ ਵਰਗਾ
ਬਿਨ ਤੇਰੇ ਤਾਂ, ਸੁੱਖ ਵੀ ਤਪਦਾ ਲੋਹਿਆ ਹੈ।

ਦਿਨ ਨੂੰ ਸੁਪਨੇ ਰਾਤੀਂ ਜੁਗਨੂੰ ਅੱਖਾਂ ਵਿੱਚ
ਇਕ ਅੱਗ ਨੂੰ ਜਿਸ ਦਿਨ ਦਾ ਛੋਹਿਆ ਹੈ।

ਸਹਿਮ, ਹੌਂਸਲਾ, ਹਾਸਾ, ਹੰਝੂ, ਉਦਾਸੀ
ਇਸ਼ਕ ਦਾ ਸਰਮਾਇਆ, 'ਕੱਠਾ ਹੋਇਆ ਹੈ।

ਸਾਗਰ ਵਾਂਗੂੰ ਕੁੱਦੋਵਾਲ, ਵੀ ਸ਼ਾਂਤ ਰਹੇ
ਵਾਂਗ ਸੁਨਾਮੀ, ਕਦੇ ਹੀ ਪ੍ਰਗਟ ਹੋਇਆ ਹੈ।



## ਬਹਾਨਾ

ਬਹਾਨਾ ਲੱਭ ਹੀ ਲੈਂਦੇ ਹਾਂ, ਕੋਈ ਰੋਣ ਦਾ।
ਬੜਾ ਸ਼ੌਕ ਹੈ ਸਾਨੂੰ, ਇਹ ਅੱਖਾਂ ਧੋਣ ਦਾ।

ਪਾਉਣਾ ਅੱਖੀਆਂ 'ਚ, ਸੁਰਮਾ ਹੀ ਕਾਫੀ ਨਹੀਂ
ਹੁਨਰ ਵੀ ਚਾਹੀਦੈ ਯਾਰੋ, ਜ਼ਰਾ ਮਟਕਾਉਣ ਦਾ।

ਜ਼ਿੰਦਗੀ ਮੇਰੀ ਵੀ, ਅਜੀਬ ਬਣਦੀ ਜਾ ਰਹੀ
ਖੁਸ਼ੀ ਪਾਉਣ ਦੀ ਰਹੀ, ਨਾ ਸਮਾਂ ਰੋਣ ਦਾ।

ਤੇਰਾ ਅੱਜ ਕੱਲ੍ਹ, ਨਿੱਤ ਸੁਪਨਿਆਂ ਵਿੱਚ ਜੀਣਾ
ਸਮਾਂ ਆ ਗਿਆ ਲਗਦੈ, ਦਰਦ ਕੋਈ ਢੋਣ ਦਾ।

ਹਾਰਿਆ ਹੈ ਨਾ ਕੁੱਦੋਵਾਲ, ਨਾ ਹਾਰੇਗਾ ਕਦੀ
ਜ਼ਿੰਦਗੀ ਨਾਮ ਹੈ, ਰਾਗ ਕੋਈ ਨਵਾਂ ਗਾਉਣ ਦਾ।

## ਕਿਸ ਤਰ੍ਹਾਂ ਲਿਖਾਂ

ਮੈਂ ਕਿਸ ਤਰ੍ਹਾਂ ਅੱਜ, ਤੇਰਾ ਨਾਂ ਲਿਖਾਂ।
ਮੇਰੀ ਇੱਕ ਲੱਖ ਨਾਂਹ, ਕਿ ਤੇਰੀ ਹਾਂ ਲਿਖਾਂ।

ਤੂੰ ਹੈਂ ਦੇਵੀ, ਜਾਂ ਹੈਂ ਮੂਰਤ, ਰੱਬ ਦੀ
ਤੂੰ ਹੈਂ ਕੌਣ, ਤੂੰ ਦੱਸ, ਕਿਸ ਤਰ੍ਹਾਂ ਲਿਖਾਂ।

ਮੇਰੇ ਘਰ ਤੇਰਾ ਆਣਾ, ਹਾਦਸਾ ਕਿ ਲਕੀਰ
ਇਸਨੂੰ ਮੈਂ ਕਿਸਮਤ ਕਹਾਂ, ਜਾਂ ਮੇਰੀ ਬਿਨੈ ਲਿਖਾਂ।

ਹਰ ਪਲ ਲੰਘਿਆ ਤੇਰੇ ਸੰਗ, ਇੱਕ ਕਹਾਣੀ ਦੱਸਦਾ
ਹਰ ਕਹਾਣੀ ਦੇ ਅੰਤ ਵਿੱਚ, ਦਸ ਮੈਂ ਕਿਸਦਾ ਨਾਂ ਲਿਖਾਂ।

ਪਗਡੰਡੀਆਂ, ਸੜਕਾਂ, ਨਹਿਰਾਂ, ਸਮੁੰਦਰ ਮਾਣੇਂ ਸੱਭ
ਉਹਨਾਂ ਸਾਰੀਆਂ ਪੈੜ੍ਹਾਂ ਨੂੰ, ਅੱਜ ਮੈਂ ਤੇਰੇ ਨਾਂ ਲਿਖਾਂ।

ਜਾਨੂੰ ਜਾਨਾਂ ਪਿਆਰਾ ਪਿਆਰੇ "ਸੁਣਿਓਂ" ਤੂੰ ਹੀ ਰੱਖੇ
ਤੈਨੂੰ ਜਿਹੜਾ ਚੰਗਾ ਲੱਗੇ, ਅੱਜ ਮੈਂ ਉਹ ਹੀ ਨਾਂ ਲਿਖਾਂ।

ਕੁੱਦੋਵਾਲ ਤੋਂ ਬਹੁਤ ਅਗੇਰੇ, ਤੇਰੀ ਥਾਹ ਨਾ ਪਾ ਸਕਿਆ
"ਸੁਰਜੀ" ਬਣਕੇ ਤੂੰਹੀਓਂ ਦੱਸ ਦੇ, ਕੀ ਲਿਖਾਂ ਕੀ ਨਾ ਲਿਖਾਂ।



## ਜੱਜ

ਸ਼ਰਾਰਤ, ਫੈਸਲਾ, ਜਾਂ ਕੋਈ, ਹੋਣੀ ਵਜ੍ਹਾ ਹੋਵੇ।
ਵਿਛੜੇ ਸਾਥ ਤੋਂ ਸਾਥੀ, ਜੁਦਾਈ ਦੀ ਸਜ਼ਾ ਹੋਵੇ।

ਸੁਫ਼ਨਾ ਆਜ਼ਾਦੀ ਦਾ ਵੀ, ਪੂਰਾ ਹੁੰਦਾ ਅਕਸਰ
ਕਾਇਮ ਰੱਖਿਆ ਜੇ ਸਦਾ, ਸੰਘਰਸ਼ ਦਾ ਰਾਹ ਹੋਵੇ।

ਜ਼ੁਲਮ ਕਰਨਾ ਨਹੀਂ, ਨਾ ਹੀ ਸਹਿਣਾ ਕਿਸੇ ਦਾ
ਸਦਾ ਚੇਤੇ 'ਚ ਰੱਖਣਾ, ਜੋ ਉਸਨੇ ਕਿਹਾ ਹੋਵੇ।

ਨਿੱਤ ਨਵਾਂ ਜ਼ਖਮ ਦੇਣਾ, ਉਹਦੀ ਆਦਤ ਹੈ
ਪੀਣਾ ਦਰਦ ਨੂੰ ਸਦਾ ਮੈਂ, ਜਿਵੇਂ ਦਵਾ ਹੋਵੇ।

ਰਾਤ ਦਿਨ ਕਰੇ ਸੇਵਾ, ਉਸਦੀ ਮੁਸ਼ੱਕਤ ਕਰੇ
ਲੋੜ ਵੀ ਨਾ ਕਰੇ ਪੂਰੀ, ਕਾਹਦਾ ਸ਼ਾਹ ਹੋਵੇ।

ਇਸ ਅਦਾਲਤ 'ਚ ਸਦਾ, ਕੁੱਦੋਵਾਲ ਹੀ ਮੁਜ਼ਰਮ
ਉਹ ਖ਼ੁਦ ਹੀ ਸਦਾ ਮਜ਼ਲੂਮ, ਜੱਜ ਤੇ ਗਵਾਹ ਹੋਵੇ।

## ਯਾਰ ਬਿਨਾ

ਜਿਸ ਤਰ੍ਹਾਂ ਜੀਅ ਲੈਂਦੇ, ਕਈ ਰੁਜ਼ਗਾਰ ਬਿਨਾ।
ਸਿੱਖ ਲਵਾਂਗੇ ਜੀਣਾ, ਵਿਛੜੇ ਯਾਰ ਬਿਨਾ।

ਹੌਕੇ ਹਾਵੇ ਗ਼ਮ, ਮੁਹੱਬਤ ਦੀ ਸੌਗਾਤ
ਲਹੂ ਜਿਗਰ ਦਾ ਪੀਂਦੇ, ਇੱਕ ਦਿਲਦਾਰ ਬਿਨਾ।

ਤਲਵਾਰਾਂ ਤੋਪਾਂ ਬੰਦੂਕਾਂ, ਯੁੱਧ ਜਿੱਤਣ ਲਈ
ਦਿਲ ਚੁਰਾਏ ਜਾਂਦੇ ਨੇ, ਹਥਿਆਰ ਬਿਨਾ।

ਵੱਸ ਵਿੱਚ ਰੱਖਣਾ ਐਵੇਂ, ਵੱਸ ਵਿੱਚ ਨ ਰਹਿੰਦਾ
ਕੌਣ ਕਿਸਨੂੰ ਵੱਸ ਵਿੱਚ ਰੱਖਦਾ, ਪਿਆਰ ਬਿਨਾ।

ਲੱਖ ਰੁਝੇਵੇਂ ਹੁੰਦਿਆਂ, ਵਕਤ ਚੁਰਾ ਲੈਣਾ
ਹੁਣ ਤਾਂ ਵਿਹਲ ਵੀ ਲੰਘ ਜਾਂਦਾ, ਇਕਰਾਰ ਬਿਨਾ।

ਇਜ਼ਤ, ਧੋਖਾ, ਬੇਵਸਾਹੀ, ਬੇਵਫ਼ਾ
ਕਾਹਦਾ ਦੀਨ ਈਮਾਨ, ਇੱਕ ਇਤਬਾਰ ਬਿਨਾ।

ਧਨ ਦੌਲਤ ਘਰ-ਬਾਰ, ਤਾਂ ਬਣਦੇ ਰਹਿੰਦੇ ਨੇ
ਕੁੱਦੋਵਾਲ ਕੀ ਜੀਣਾ, ਇੱਕ ਸਤਿਕਾਰ ਬਿਨਾ।



## ਮਾਨਵਤਾ ਦਾ ਰਾਗ

ਯਾਰੋ ਮੇਰੇ ਦਿਲ ਵਿੱਚ ਹੋਇਆ, ਰੌਸ਼ਨ ਇੱਕ ਚਿਰਾਗ।
ਪਿਆਰ ਬਰਾਬਰ ਹਰ ਮਾਨਵ ਨੂੰ, ਕਰਨਾ ਹੋ ਬੇਲਾਗ।

ਸਾਂਝਾਂ ਦਿਲ ਦੀਆਂ ਪਾ ਕੇ ਆਪਾਂ, ਰੌਸ਼ਨ ਕਰਨੀ ਦੁਨੀਆਂ
ਮਿਲਕੇ ਗਾਣ ਗੀਤ ਪਿਆਰ ਦੇ, ਭੈਰਵ ਸਾਰੰਗ ਤੇ ਬਿਹਾਗ।

ਰੁੱਖੀਂ ਚਿੜੀਆਂ ਚੂਕਣ, ਵਿਹੜੇ ਕੁੜੀਆਂ ਨੱਚਣ
ਗਿੱਧਾ ਪਾਵਣ ਗਾਵਣ ਰਲ ਮਿਲ, ਘੋੜੀਆਂ ਕਦੇ ਸੁਹਾਗ।

ਖੁਸ਼ੀ ਗ਼ਮੀ ਤਾਂ ਇੱਕ ਸਿੱਕੇ ਦੇ, ਦੋਨੋਂ ਪਾਸੇ ਹੁੰਦੇ
ਉਹ ਹੈ ਕਾਮਲ ਬੰਦਾ, ਜਿਸ ਨੇ ਕੀਤਾ ਤਿਆਗ।

ਮਨ 'ਚ ਵਸਦੇ ਕਾਮ ਕਰੋਧ, ਲੋਭ ਮੋਹ ਹੰਕਾਰ
ਜਿਸਨੇ ਪਿਆਰ ਨੂੰ ਉਪਰ ਚੁੱਕਿਆ, ਉਹੀਓ ਹੈ ਬੇਦਾਗ।

ਰਾਤ ਗ਼ਮਾਂ ਦੀ ਲੰਮੀ ਭਾਵੇਂ, ਅੰਤ ਮਿਲਾਪ ਕਰਾਵੇ
ਇੰਤਜ਼ਾਰ ਵਿੱਚ ਸਬਰ ਕਰੇ ਜੋ, ਉਸਦੇ ਜਾਗਣ ਭਾਗ।

ਕਦੋਂ ਤੱਕ ਤੂੰ ਸੁੱਤਾ ਰਹਿ ਕੇ, ਕਿਰਤ ਲੁਟਾਈ ਜਾਣੀ
ਉੱਠ ਕਿਰਤੀਆ, ਉੱਠ ਮਜਦੂਰਾ, ਉੱਠ ਕਿਸਾਨਾਂ ਜਾਗ।

ਕੁੱਦੋਵਾਲ ਵੀ ਨਾਲ ਹੈ ਤੇਰੇ, ਇੱਕ ਤੋਂ ਹੋਏ ਗਿਆਰਾਂ
ਮਾਨਵਤਾ ਹੈ ਸੱਭ ਤੋਂ ਉਪਰ, ਛੇੜ ਨਵਾਂ ਇਹ ਰਾਗ।

## ਕਵਿਤਾ

ਤੇਰੇ ਮੇਰੇ ਦਿਲ ਦੀ ਆਖਾਂ, ਜਦ ਵੀ ਕਵਿਤਾ ਬੋਲਾਂ।
ਦੁੱਖ ਲੋਕਾਂ ਦੇ ਸਹਿ ਨਾ ਹੁੰਦੇ, ਤਿਪ ਤਿਪ ਹੰਝੂ ਡੋਲ੍ਹਾਂ।

ਆਪਣੀ ਪਾਕ ਮੁਹੱਬਤ ਆਖਾਂ, ਮੈਂ ਨਾ ਸੱਭ ਤੋਂ ਉੱਚੀ
ਬੇਵਫਾਈ ਵੀ ਤੇਰੀ ਮੈਂ, ਮਜ਼ਬੂਰੀ ਸੰਗ ਤੋਲਾਂ।

ਪਿਆਰ ਸੀ ਡੂੰਘਾ ਤਾਂ ਹੀ ਕੀਤਾ, ਆਪਣਾ ਆਪਾ ਅਰਪਣ
ਸਾਦਕ ਇਸ਼ਕ, ਬੁੱਲ੍ਹ ਸੀਤੇ ਮੇਰੇ, ਦੱਸ ਕਿਵੇਂ ਮੂੰਹ ਖੋਲਾਂ।

ਤੂੰ ਪਰਦੇਸੀ, ਮੈਂ ਪਰਦੇਸੀ, ਕਿਸ ਦੇਸ਼ ਵਿੱਚ ਮਿਲੀਏ
ਮਨ ਪਰਦੇਸੀ ਲੱਭਾਂ ਕਿਥੇ, ਕਿਹੜਾ ਦੇਸ਼ ਜਾ ਟੋਹਲਾਂ।



## ਅੱਗ

ਹਰ ਪਲ ਹਰ ਛਿਣ, ਅੱਗ ਜਿਹੀ ਇੱਕ ਬਲਦੀ ਹੈ।
ਮਨ ਅੰਦਰ ਇੱਕ, ਚਿਤਾ ਜਿਹੀ ਨਿੱਤ ਜਲਦੀ ਹੈ।

ਉਹ ਮੇਰਾ ਸੀ, ਅੱਜ ਨਹੀਂ ਹੈ, ਕਾਹਦਾ ਗ਼ਮ
ਨਰਸੋਂ ਮਿਲੇ ਪਰਸੋਂ ਵਿਛੜੇ, ਇਹ ਖਬਰ ਕੱਲ੍ਹ ਦੀ ਹੈ।

ਹੋਂਦ ਨਿਹੋਂਦ ਦੀ ਪਰਖ, ਨਿਰਅਰਥਕ ਹੈ ਯਾਰੋ
ਭ੍ਰਿਸ਼ਟਾਚਾਰ ਦੀ ਸੂਈ, ਨਿਸ ਦਿਨ ਸੱਲ੍ਹਦੀ ਹੈ।

ਕੋਈ ਸਲੇਟੀ, ਸੱਸੀ, ਸੋਹਣੀ, ਮੋਂਹਦੀ ਨਾ
ਇਕ ਸ਼ਿਫਟ ਤੋਂ ਦੂਜੀ ਤੱਕ, ਮੇਰੀ ਗੱਡੀ ਚਲਦੀ ਹੈ।

ਮਿੱਠੇ ਬੋਲਾਂ ਦੀ ਗੋਲੀ ਦੇ, ਠੱਗੀ ਠੋਰੀ ਕਰਦੇ ਜਾਓ
ਅੱਜ ਕੱਲ੍ਹ ਐਸੀ ਧਰਮ ਕਮਾਈ ਅੱਗੇ ਪਿੱਛੇ ਫ਼ਲਦੀ ਹੈ।

ਭਾਵੇਂ ਸਾਰੀ ਏਸ਼ੀਆ ਘੁੰਮੀ, ਯੂਰਪ ਤੇ ਅਮਰੀਕਾ ਵੀ
ਐਸੀ ਠੰਡੀ ਵਾ ਨਾ ਕਿਧਰੇ, ਜੋ ਕੁੱਦੋਵਾਲ 'ਚ ਚਲਦੀ ਹੈ।

## ਉਦਾਸ ਰੁੱਖ

ਚੋਗ ਚੁਗੇਂਦੇ ਪੰਛੀ, ਬਿਰਖੀਂ ਆ ਬਹਿੰਦੇ ਨੇ।
ਖ਼ੌਫ਼ ਦਾ ਜੰਦਰਾ ਬੋਲਾਂ, ਉੱਤੇ ਲਾ ਲੈਂਦੇ ਨੇ।

ਦਿਨ ਵੇਲੇ ਸਰਕਾਰੀ ਰਾਤੀਂ ਬਲਕਾਰੀ
ਸੀਨੇ ਪੱਥਰ ਰੱਖ, ਦੋਹਰਾ ਦੁੱਖ ਸਹਿੰਦੇ ਨੇ।

ਮਨ ਚੀਸਾਂ ਮੂੰਹ ਘੂਰੀ, ਸਿਰ ਮਜ਼ਬੂਰੀ
ਅੱਖਾਂ ਵਿੱਚ ਦੀ, ਰਾਵੀ ਤੇ ਝਨਾਂ ਵਹਿੰਦੇ ਨੇ।

ਝੱਖੜ ਝੁੱਲਦਾ, ਦੀਵੇ ਬੁੱਝਦੇ ਕਈ ਘਰਾਂ ਦੇ
ਬਣਕੇ ਸੂਰਜ, ਦਿਲ ਵਿੱਚ ਜਗਦੇ ਰਹਿੰਦੇ ਨੇ।

ਸੱਸੀ ਸਿਖਰ ਦੁਪਿਹਰ, ਥਲ ਵਿੱਚ ਸੜ ਮੋਈ
ਇਸ਼ਕ ਵਿੱਚ ਕੁਰਬਾਨ, ਲੋਕੀਂ ਕਹਿੰਦੇ ਨੇ।

ਸੁਹਣੀ ਤਰ ਗਈ, ਇਸ਼ਕ ਝਨਾਂ 'ਚ ਡੁੱਬ ਕੇ ਵੀ
ਮਹੀਂਵਾਲ ਪੱਟ ਚੀਰ, ਤਾਰੇ ਮੁੱਲ ਮਹਿੰਗੇ ਨੇ।

ਕਈ ਦਿਨ ਫ਼ਿਰ, ਸਿਵਾ ਬਲੇ ਮੁਹੱਬਤ ਦਾ
ਰੁੱਖ ਜੰਗਲ ਦੇ ਜਦ, ਆਪਸ ਵਿੱਚ ਖਹਿੰਦੇ ਨੇ।

ਤੇਰੇ ਮਹਿਲੀਂ ਬਾਰਸ, ਤੂੰ ਸ਼ਗਨ ਮਨਾ
ਸਾਡੇ ਲਈ ਤਾਂ ਆਫ਼ਤ, ਕੋਠੇ ਢਹਿੰਦੇ ਨੇ।

ਕੁੱਦੋਵਾਲ ਪਿੰਡ ਦੇ ਰੁੱਖ, ਉਦਾਸ ਬੜੇ
ਤੇਰੇ ਚੇਤੇ ਸੱਥ ਵਿੱਚ, ਆਉਂਦੇ ਰਹਿੰਦੇ ਨੇ।



## ਸੋਚ ਦੇ ਵਲ

ਤੇਰੀ ਸੋਚ ਦੇ ਵਲ ਨ ਖੁੱਲੇ।
ਹੰਝੂ ਬੇਸ਼ਕ ਕਿੰਨੇ ਡੁੱਲੇ।

ਤੇਰੀ ਛਬੀ ਨ ਪੈਂਦੀ ਧੁੰਧਲੀ
ਦਿਲ ਦੀ ਧੜਕਣ ਮਾਰੇ ਹੁੱਲੇ।

ਤੂੰ ਨਿੱਤ ਮੌਜ ਬਹਾਰਾਂ ਮਾਣੇਂ
ਅਸੀਂ ਵਿੱਚ ਬਜਾਰਾਂ ਰੁੱਲੇ।

ਤੇਰੀ ਯਾਦ ਦਾ ਦੀਵਾ ਜਗੇ
ਕਾਂਗ ਚੜ੍ਹੇ ਜਾਂ ਝੱਖੜ ਝੁੱਲੇ।

ਸੱਜਣ ਇਥੋਂ ਲੰਘਿਆ ਹੋਣਾ
ਸਾਹਾਂ ਦੇ ਵਿੱਚ ਖੁਸ਼ਬੋ ਘੁਲੇ।

ਭੁੱਖਣ ਭਾਣੇ ਸੌਂ ਜਾਂਦੇ ਕਈ
ਕਦੇ ਕਦੇ ਅੱਗ ਬਲਦੀ ਚੁੱਲ੍ਹੇ।

ਬਾਬੇ ਸ਼ਬਦ ਸੁਣਾਵਣ ਆਪਣੇ
ਡਾਲਰਾਂ ਦੇ ਨਾਲ ਲੁੱਟਣ ਬੁੱਲੇ।

ਸਿਰ ਤਲੀ ਤੇ ਧਰ ਲੈਂਦਾ ਹੈ
ਬੰਦਾ ਜਦ ਵੀ ਸੱਚ ਤੇ ਤੁੱਲੇ।

ਆਖਰ ਕੁੱਦੋਵਾਲ ਨੇ ਜਿੱਤਣਾ
ਬੇਸ਼ਕ ਝੂਠ ਦੇ ਵੱਜਣ ਟੁੱਲੇ।

## ਪਰਦੇਸੀ

ਤੂੰ ਕੀ ਸਾਥ ਨਿਭਾਉਣਾ ਹੈ।
ਤੂੰ ਤਾਂ ਬੱਸ ਟਰਕਾਉਣਾ ਹੈ।

ਬੋਲੀ ਵਿਧਾ ਧਰਤ ਬਗਾਨੀ
ਏਸੇ ਨੂੰ ਅਪਨਾਉਣਾ ਹੈ।

ਗੈਰਾਂ ਦੀ ਢਾਣੀ 'ਚ ਰਲ ਕੇ
ਆਪਣਾ ਆਪ ਬਚਾਉਣਾ ਹੈ।

ਪਰਦੇਸੀ ਡੇਰੇ ਲਾ ਬੈਠਾਂ
ਪਰ ਤੇਰੀ ਯਾਦ ਸਤਾਉਣਾ ਹੈ।

ਪਲਕਾਂ ਵਿੱਚ ਹੰਝੂ ਸੁੱਕ ਗਏ
ਦੱਸ ਮੁੜ ਕਦੋਂ ਘਰ ਆਉਣਾ ਹੈ।

ਜੇ ਇਸ਼ਕ ਵਿਹਾਜਣ ਚੱਲੇ ਹੋ
ਉਹਨਾਂ ਬਿਰਹਾ ਪੱਲੇ ਪਾਉਣਾ ਹੈ।

ਜੇ ਅੱਗ ਦੀ ਖੇਡ ਹੀ ਖੇਡੋਗੇ
ਤਾਂ ਅੱਗ ਹੀ ਵਿੱਚ ਨਹਾਉਣਾ ਹੈ।

ਈਦ ਹੋਵੇ ਜਾਂ ਪੁੰਨਿਆਂ ਦਾ ਚੰਨ
ਮੇਰੇ ਘਰ ਨਾ ਆਉਣਾ ਹੈ।

ਜਦ ਚੇਤਾ ਵਤਨ ਦਾ ਆਵੇਗਾ
ਕੁੱਦੋਵਾਲ ਨੇ ਬਿਰਹਾ ਗਾਉਣਾ ਹੈ।



## ਜਮਾਂ ਘਟਾਓ

ਮਾਰਨ ਆਇਆ, ਮਰ ਗਿਆ।
ਹਾਦਸਾ ਹੋਣਾ ਸੀ, ਟਲ ਗਿਆ।

ਬੁੱਕਾਂ ਭਰ ਕੇ ਰੌਸ਼ਨੀ ਵੰਡੇ
ਸੂਰਜ ਭਾਵੇਂ ਢਲ ਗਿਆ।

ਪਲ ਇਕ ਐਸਾ ਸੰਭਲਿਆ
ਯੁੱਗ ਦਾ ਵਰਕਾ ਮਲ ਗਿਆ।

ਜਮਾਂ ਘਟਾਓ ਜੀਵਨ ਵਾਲਾ
ਕਿਸਤੋਂ ਕੀਤਾ ਹੱਲ ਗਿਆ।

ਪਾਣੀ ਵਰਗਾ ਨਿਰਮਲ ਸੀ
ਬੰਬ ਦੇ ਵਾਗੂੰ ਚੱਲ ਗਿਆ।

ਕੱਲ੍ਹ ਜਿਹੜਾ ਆਪਣਾ ਸੀ,
ਗੈਰਾਂ ਦੇ ਵਿੱਚ ਰਲ ਗਿਆ।

ਦੁਸ਼ਮਣ ਢਾਣੀ 'ਚ ਵੜਕੇ
ਦੋਸਤੀ ਨੂੰ ਸੱਲ ਗਿਆ।

## ਕਲਮ ਦਵਾਤ

ਕਾਲਾ ਅੰਬਰ, ਆਈ ਬਰਸਾਤ।
ਭਿੱਜਾ ਦਿਨ, ਤੇ ਸਿੱਲ੍ਹੀ ਰਾਤ।

ਕਿਸੇ ਦੇ ਕੋਠੇ, ਚੋ ਚੋ ਪੈਂਦੇ
ਕਿਸੇ ਦੇ ਬਣ, ਆਈ ਸੌਗਾਤ।

ਮੁੱਖ ਤੇ ਚਮਕਣ, ਤੇਰੇ ਤਾਰੇ
ਚਾਨਣ ਚਾਨਣ, ਹੋ ਗਈ ਰਾਤ।

ਦਿਨ ਮਹੀਨੇ, ਸਾਲ ਬੀਤ ਗਏ
ਕਦ ਹੋਵੇਗੀ, ਇਕ ਮੁਲਾਕਾਤ।

ਸਾਥੋਂ ਪੁੱਛ ਪੁੱਛ, ਅੱਗੇ ਲੰਘੇ
ਯਾਰਾਂ ਸਾਨੂੰ, ਪਾਈ ਮਾਤ।

ਇਸ਼ਕ ਬੰਦਗੀ, ਤੇ ਖੁਸ਼ਬੂ
ਪੁੱਛਣ ਨਾਹੀਂ, ਰੰਗ ਤੇ ਜਾਤ।

ਦਿਨ ਢਲਿਆ, ਰਾਤ ਵੀ ਲੰਘ ਜੂ
ਮੁੜ ਆਊ, ਨਵੀਂ ਪਰਭਾਤ।

ਕੁੱਦੋਵਾਲ ਦੇ, ਲਿਖ ਦੇ ਲੇਖ
ਆ ਫੜ ਰੱਬਾ, ਕਲਮ ਦਵਾਤ।



## ਸਵੇਰ ਹੋਣ ਤੱਕ

ਜਗਣਾ ਹੈ ਸਾਰੀ ਰਾਤ, ਖਾਧੀ ਦੀਵੇ ਨੇ ਕਸਮ।
ਜੰਗ ਹਨ੍ਹੇਰੇ ਨਾਲ ਲੜਨੀ, ਸਵੇਰ ਹੋਣ ਤੱਕ।

ਕਦੇ ਕੁਦਰਤ, ਕਦੇ ਬੰਦੇ ਦਾ ਜ਼ੁਲਮ ਜਾਰੀ
ਮੈਂ ਸਫ਼ਰ ਤੋਂ ਨਾ ਮੁੜਾਂਗਾ, ਸਵੇਰ ਹੋਣ ਤੱਕ।

ਹਨੇਰਿਆਂ ਦਾ ਮੌਸਮ, ਜੰਗਲ ਵਰਗੀ ਚੁੱਪ
ਚੁੱਪ ਦੀ ਤੂੰ ਚੀਖ ਸੁਣ, ਸਵੇਰ ਹੋਣ ਤੱਕ।

ਸੋਹਲ ਜਹੀ ਜਿੰਦ, ਬੁਲਬੁਲ ਗੁਟਾਰ ਦੀ
ਮਸਲ ਹੁੰਦੀ ਰਹੀ ਬੇਵੱਸ, ਸਵੇਰ ਹੋਣ ਤੱਕ।

ਮਾਸੂਮ ਘੁੱਗੀ ਨੇ ਕਦੋਂ, ਚਾਹੀ ਸੀ ਐਸੀ ਮੌਤ
ਪੱਖੇ ਤੋਂ ਲਟਕਦੀ ਰਹੀ, ਜੋ ਸਵੇਰ ਹੋਣ ਤੱਕ।

ਦੂਰ ਤੱਕ ਜੰਗਲ, ਇੱਕ ਇੱਕਲੀ ਮੇਰੀ ਜਿੰਦ
ਤੂੰ ਹੈ ਜੁਗਨੂੰ ਜਗਦਾ ਰਹੀਂ, ਸਵੇਰ ਹੋਣ ਤੱਕ।

ਰੇਤ ਜੰਗਲ ਘੁੱਪ ਹਨੇਰਾ, ਮੇਰੀ ਮੰਜਲ ਦੇ ਰਾਹ
ਕੁੱਦੋਵਾਲ ਹੈ ਪਹੁੰਚਣਾ, ਯਾਰੋ ਸਵੇਰ ਹੋਣ ਤੱਕ।

## ਕਰਫ਼ਿਊ

ਨਾ ਦੇਸ਼ ਨਾ ਕਾਲ, ਨਾ ਮੌਸਮ ਦੀ ਖਬਰ।
ਐਸੇ ਸਮੇਂ 'ਚ ਕੋਈ, ਕਦ ਤੱਕ ਕਰੇ ਸਬਰ।

ਦਿਸ਼ਾਬੱਧ ਸੂਰਜ, ਛਿਪਦਾ ਹੈ ਜਿਸ ਘੜੀ
ਕਿੰਝ ਆਖਾਂ ਕਿਸ ਤਰ੍ਹਾਂ, ਲਗਦਾ ਹੈ ਡਰ।

ਤੂੰ ਮੇਰੀ ਇੰਤਜ਼ਾਰ, ਨਾ ਕਰੀਂ ਤੇ ਸੌਂ ਜਾਵੀਂ
ਆ ਨਾ ਸਕਾਂ ਸ਼ਾਇਦ, ਆਪਣੇ ਹੀ ਸ਼ਹਿਰ ਤੋਂ ਘਰ।

ਚੋਗ ਲੈ ਕੇ ਇੱਕ ਦਿਨ, ਮੈਂ ਪਰਤਾਂਗਾ ਜਰੂਰ
ਆਪਣੇ ਬੋਟਾਂ ਨਾਲ ਪਰ, ਕਿੰਞ ਮਿਲਾਵਾਂਗਾ ਨਜ਼ਰ।

ਅੱਜ ਦਾ ਮੌਸਮ ਗਾੜ੍ਹਾ ਹੈ, ਮੇਰੇ ਲਹੂ ਦੇ ਵਾਂਗ
ਵੇਖੀਂ ਡੁੱਲ੍ਹ ਨਾ ਜਾਏ ਕਿਤੇ, ਅੱਖਾਂ 'ਚੋਂ ਤੇਰੇ ਸਬਰ।

ਮੌਤ ਮੇਰੀ ਜਿੱਤ ਨਹੀਂ, ਹਾਰ ਹੈ ਸਰਕਾਰ ਦੀ
ਮੇਰਾ ਕਫ਼ਨ ਪੁੱਟਦਾ ਜਾਂਦਾ, ਉਸਦੀ ਵੀ ਕਬਰ।

ਅਜੀਬ ਜਕੜਬੰਦ ਹੈ, ਸਮਾਂ ਸਮੇਂ ਨੂੰ ਮਾਰਦਾ
ਐਸੀ ਘਟਨਾ ਦੀ ਕਦੇ, ਛਪਦੀ ਨਾ ਕੋਈ ਖ਼ਬਰ।

ਤੂੰ ਕੁੱਦੋਵਾਲ ਆ ਜਾ, ਵੱਸਦਾ ਜਹਾਨ ਜਿਥੇ
ਪਰਦੇਸਾਂ ਵਿੱਚ ਪੈਣੀ, ਦੱਸ ਤੇਰੀ ਕੀ ਕਦਰ।



## ਤਾੜੀ

ਜੇ ਹਨ੍ਹੇਰਾ ਚੀਰਨਾ, ਮਾਰ ਕੇ ਤਾੜੀ ਨਿਕਲ।
ਸੁੰਨਸਾਨ ਬੀਆਬਾਨ, ਰੁੱਤ ਹੈ ਮਾੜੀ ਨਿਕਲ।

ਧੁੱਖ ਰਹੀ ਹੈ ਈਰਖਾ, ਵਾਂਗ ਗਿੱਲੇ ਗੋਟਿਆਂ
ਇਸ ਪਹਿਰ 'ਚ, ਬਣ ਚੰਗਿਆੜੀ ਨਿਕਲ।

ਰਾਤ ਦਾ ਕਾਨੂੰਨ ਹੈ, ਬੇਵਸਾਹੀ ਡਰ ਤੇ ਮੌਤ
ਸਾਜਸ਼ੀ ਡੂੰਘਾ ਹਨ੍ਹੇਰਾ, ਰਾਤ ਹਤਿਆਰੀ ਨਿਕਲ।

ਸ਼ੇਰ ਚੀਤੇ ਭੀਲ ਗਿਰਝਾਂ, ਨਾਲ ਲੈ ਕੇ ਘੁੰਮਦਾ
ਸਾਜਸ਼ੀ ਜੰਗਲ ਹੈ, ਪੱਕਾ ਸ਼ਿਕਾਰੀ, ਨਿਕਲ।

ਦਿਲ ਦੀ ਵਾਦੀ 'ਚੋਂ, ਨਦੀ ਜੋ ਇੱਕ ਨਿਕਲੀ
ਧਰਤ ਸਿੰਜਦੀ ਹੈ, ਰੱਤ ਉਹ ਗਾੜ੍ਹੀ ਨਿਕਲ।

ਦੂਰ ਕਿਧਰੇ ਧੁੱਪ ਹੈ, ਬੱਦਲ ਵੀ ਨੇ ਨਾਲ
ਮੰਜ਼ਲ ਤੇ ਜੇ ਪਹੁੰਚਣਾ, ਵੇਖਣਾ ਅਗਾੜੀ ਨਿਕਲ।

ਮੰਜ਼ਲ ਤੇਰੀ ਜਿੱਤ ਹੈ, ਤਾਂ ਬਹੁਤੇ ਪੜਾਅ ਨ ਕਰੀਂ
ਜੇਤੂਆਂ ਨੂੰ ਜਿੱਤਦਾ, ਵਕਤ ਹੈ ਖਿਲਾੜੀ ਨਿਕਲ।

## ਵਰਲਡ ਟਰੇਡ ਸੈਂਟਰ

ਨਿਊਯਾਰਕ ਵਰਲਡ ਟਰੇਡ ਸੈਂਟਰ ਦੇ ਟਾਵਰ,
ਯੂ ਐੱਸ ਏ ਦੀ ਸ਼ਕਤੀ ਦਾ ਪ੍ਰਮਾਣ।

ਸਡੌਲ ਸਜੀਵ ਮੂਰਤ ਆਧੁਨਿਕ ਸੋਚ ਦੀ,
ਹੁਸਨ ਧਰਤੀ ਦਾ ਛੂੰਹਦੇ ਅਸਮਾਨ।

ਜਾਤਾਂ ਨਸਲਾਂ ਰੰਗਾਂ ਦਾ ਸਨ ਇੱਕ ਕੋਲਾਜ਼,
ਅਣਗਿਣਤ ਬੋਲੀਆਂ, ਪਰ ਇੱਕ ਜੁਬਾਨ।

ਜੋ ਕੱਲ ਤੱਕ, ਸੁੰਦਰ ਬੇਮਿਸਾਲ ਬੁਲੰਦ ਸਨ,
ਢਹਿ ਕੇ ਰਹਿ ਗਏ, ਯਾਦਾਂ ਦਾ ਕਬਰਸਤਾਨ।



## ਪਹਿਰਾ

ਪਹਿਰਾ ਵੀ ਉਸਦਾ, ਜਿਸਦਾ ਹੈ ਡਰ।
ਜੰਗਲ ਵੀ ਉਸਦਾ, ਜਿਸਦਾ ਹੈ ਘਰ।

ਗ਼ਹਿਰੀ ਚੁੱਪ ਹਨ੍ਹੇਰੇ ਦੀ ਯਾਰੀ
ਚੀਖ ਤਾਂ ਚੀਖ ਹੈ, ਮਾਦਾ ਜਾਂ ਨਰ।

ਤੇਰੇ ਵਿਹੜੇ ਜੰਗਲ ਉੱਗ ਆਇਆ
ਜਾਗ ਉਏ ਬੰਦਿਆ, ਕੁਝ ਤਾਂ ਕਰ।

ਮੈਂ ਨਦੀ ਬਣ, ਮਰੂਥਲ 'ਚੋਂ ਲੰਘਾਂ
ਤੂੰ ਬਣ ਕੇ ਬੱਦਲ, ਥੋੜਾ ਤਾਂ ਵਰ੍ਹ।

ਨਜ਼ਰ ਜੇ ਤੇਰੀ, ਗੁੰਮੀ ਤੇ ਸੱਜਣਾਂ
ਕੰਡਿਆਲੀ ਥੋਰ੍ਹ ਤੋਂ ਕਾਹਦਾ ਡਰ।

ਤੇਰੀ ਮੁਹੱਬਤ ਤੇ ਨਿਰਛਲ ਰੂਹ
ਵੱਸ ਗਈ ਕੁੱਦੋਵਾਲ ਦੇ ਘਰ।

## ਉਜੜੇ ਗਰਾਂ

ਉਜੜੇ ਗਰਾਂ ਨੇ ਦੱਸਦੇ, ਕਹਾਣੀ ਡਰਾਂ ਦੀ।
ਕਿਸ ਤਰ੍ਹਾਂ ਲੁੱਟੀ ਰੌਣਕ, ਵੱਸਦੇ ਘਰਾਂ ਦੀ।

ਮਹਿੰਦੀ ਸ਼ਗਨਾਂ ਦੀ, ਲੱਗੀ ਹੈ ਜ਼ਰੂਰ
ਹੈ ਤੇਲ ਭਿੱਜੀ ਗੁੱਠ, ਅਜੇ ਵੀ ਦਰਾਂ ਦੀ।

ਗਾਏ ਗਏ ਨੇ ਗੀਤ, ਏਥੇ ਸੁਹਾਗ ਦੇ
ਹੈ ਲਮਕਦੀ ਅਜੇ ਵੀ, ਡੋਰ ਪੱਤਰਾਂ ਦੀ।

ਹੁਸਨਾਂ ਦੀ ਮੰਡੀ ਲਗੀ, ਕਤਲਾਂ ਦਾ ਹੈ ਮੌਸਮ
ਦੋ ਚਾਰ ਬੀਜ ਬੋ ਲੈ, ਹੈ ਰੁੱਤ ਵੱਤਰਾਂ ਦੀ।

ਰੁੱਤ ਰੱਤ ਨਾਲ ਸਿੰਜਣ, ਬੀਜਦੇ ਨਫ਼ਰਤਾਂ ਹੀ
ਹੈ ਖ਼ੂਨ ਖ਼ੂਨ ਰਹਿ ਗਈ, ਕੀਮਤ ਕਦਰਾਂ ਦੀ।

ਰੁੱਖ ਰੁੰਡ ਮੁੰਡ ਹੋਏ, ਨਦੀਆਂ ਸੁੱਕ ਕੇ ਰੇਤਾ
ਉਮੀਦ ਮੌਤ ਹੀ ਹੈ, ਸ਼ਰੀਫ਼ ਸੱਧਰਾਂ ਦੀ।

ਮੇਰੀ ਪਿਆਸ ਹੰਢਾਏ, ਧੁੱਪ ਕਰਬਲਾ ਦੀ
ਕੁੱਖ ਮੇਰੀ ਹਾਏ ਬਣੀ, ਜਗ੍ਹਾ ਕਬਰਾਂ ਦੀ।

ਨਹੀਂ ਹਾਰੇਗਾ, ਨਾ ਹਾਰਿਆ ਹੈ ਕੁੱਦੋਵਾਲ
ਕਥਾ ਬਾਰੂਦ ਯੁੱਗ ਦੀ, ਜਾਂ ਹੋਵੇ ਪੱਥਰਾਂ ਦੀ।



## ਪ੍ਰਦੇਸੀ ਧਰਤੀ

ਇਕ ਸਾਗਰ ਹੋਰ, ਮੈਂ ਪਾਰ ਕਰਨਾ ਹੈ।
ਪ੍ਰਦੇਸੀ ਧਰਤੀ ਦੇ ਡਰ, ਨਾਲ ਲੜਨਾ ਹੈ।

ਛੱਡ ਆਇਆ ਸਾਂ ਜਿਸਨੂੰ, ਮੈਂ ਕੋਹਾਂ ਦੂਰ
ਸੋਚਿਆ ਨਾ ਉਸ, ਆ ਮੂਹਰੇ ਖੜਨਾ ਹੈ।

ਲੜਦਾ ਰਿਹਾ ਬੇਸ਼ਕ, ਹਰ ਆਤੰਕ ਦੇ ਨਾਲ
ਨਵਾਂ ਰੂਪ ਵਟਾ, ਆਤੰਕ ਨੇ ਵੀ ਅੜ੍ਹਨਾ ਹੈ।

ਦੇਸ਼ ਭੇਸ ਬੋਲੀ, ਰੰਗ ਨਸਲ ਵਟਾਵੇ
ਆਤੰਕ ਦੇ ਹਰ ਰੂਪ ਨੂੰ, ਗਿੱਚੀਓਂ ਫੜਨਾ ਹੈ।

ਟੋਏ ਟਿੱਬੇ ਸਾਗਰ, ਬੰਜਰ, ਕਿੰਨੇ ਲੰਘੇ
ਹਰ ਔਕੜ ਨੂੰ ਯਾਰੋ, ਹੱਸ ਕੇ ਸਰ ਕਰਨਾ ਹੈ।

ਕੁੱਦੋਵਾਲ ਨੇ ਇਕੋ ਵਾਰ, ਜੀਣਾ ਇਸ ਜੱਗ ਤੇ
ਸੂਰਮਿਆਂ ਦੀ ਮੌਤ ਵੀ, ਇਕੋ ਵਾਰ ਮਰਨਾ ਹੈ।

## ਲੜਦੇ ਰਹਾਂਗੇ

ਤੁਸੀਂ ਕਤਲ ਕਰੋ, ਅਸੀਂ ਮਰਦੇ ਰਹਾਂਗੇ।
ਆਪਣੀ ਆਜ਼ਾਦੀ ਤੱਕ, ਲੜਦੇ ਰਹਾਂਗੇ।

ਤਾਕਤ ਹੈਂਕੜ ਗ਼ਰੂਰ, ਜੇ ਤੇਰਾ ਸੱਚ ਹੈ
ਦੇ ਸ਼ਹਾਦਤ ਤੇਰਾ ਭਰਮ, ਭਸਮ ਕਰਦੇ ਰਹਾਂਗੇ।

ਤੇਰਾ ਇੱਕ ਇਕ ਬੋਲ ਜੇ, ਬਣ ਜਾਂਦੈ ਕਾਨੂੰਨ
ਐਸੇ ਹਰ ਕਾਨੂੰਨ ਦਾ, ਫਾਤਿਯਾ ਪੜ੍ਹਦੇ ਰਹਾਂਗੇ।



## ਉਧਾਰੇ ਖੰਭ

ਦੇ ਕੇ ਉਧਾਰੇ ਖੰਭ, ਵਣਜੇਂ ਲਚਾਰੀਆਂ।
ਉਡੱਣਾ ਵੀ ਲੋਚੇਂ, ਉੱਚੀਆਂ ਉਡਾਰੀਆਂ।

ਹੁੰਦਾ ਨਜ਼ਾਮ ਅਪਣਾ, ਹੁੰਦਾ ਨ ਘਾਣ ਐਨਾ
ਮੁੱਲ ਪੈਂਦਾ ਜੱਗ ਤੇ, ਤੇਗਾਂ ਜੋ ਮਾਰੀਆਂ।

ਦੁਨੀਆਂ ਦੇ ਨਕਸ਼ੇ ਤੇ, ਹੋਣਾ ਸੀ ਆਪਣਾ ਦੇਸ਼
ਜੇ ਨਾ ਕੀਤੀਆਂ ਆਪਣਿਆਂ, ਹੁੰਦੀਆਂ ਗੱਦਾਰੀਆਂ।

ਤੋਲਦਾ ਸੀ ਪਰ ਜਦੋਂ, ਉਹ ਪਰਵਾਜ਼ ਲਈ
ਥਰਥਰਾਂਦੀਆਂ ਸਨ, ਫ਼ੌਜਾਂ ਵੀ ਭਾਰੀਆਂ।

ਜ਼ਹਿਰ ਉਗਲਦੇ ਲੋਕ, ਤਾਂ ਡਾਰ ਹੋ ਗਏ
ਮਾਨਵ ਦੇ ਮੱਥੇ, ਲਿਖ ਗਏ ਖ਼ਵਾਰੀਆਂ।

ਰੰਗ ਜਾਤ ਨਸਲ ਦੀ, ਅਜੇ ਖੇਡ ਚਲ ਰਹੀ
ਮੰਨੂੰ ਬਾਬੇ ਕੀਤੀਆਂ, ਵੰਡਾਂ ਇਹ ਸਾਰੀਆਂ।

ਨਫ਼ਰਤ ਹੀ ਗੁੜ੍ਹਤੀ, ਦੇਣੀ ਸਹੁੰ ਖਾ ਲਈ
ਕੁੱਝ ਬਾਬਿਆਂ ਨੇ ਵੰਡੀਆਂ, ਕੌਮਾਂ ਸਾਰੀਆਂ।

ਮੰਜ਼ਲ ਤੇ ਕੁੱਦੋਵਾਲ, ਹੈ ਪਹੁੰਚਣਾ ਜ਼ਰੂਰ
ਸੀਨੇ ਵਿੱਚ ਨੇ ਖਾਧੀਆਂ, ਭਾਵੇਂ ਕਟਾਰੀਆਂ।

## ਇਹ ਵੀ ਦਿਨ ਹਨ

ਕੱਲ੍ਹ ਵੀ ਸੀ, ਅੱਜ ਵੀ ਸੱਚ ਹੈ, ਜੋ ਸਿਆਣੇ ਕਹਿੰਦੇ ਹਨ।
ਦੇਸ਼ ਮੇਰੇ ਵਿੱਚ, ਬੰਦੇ ਘੱਟ ਤੇ ਬਾਬੇ, ਜ਼ਿਆਦਾ ਰਹਿੰਦੇ ਹਨ।

ਇਹ ਵੀ ਦਿਨ ਹਨ, ਆਪਣੇ ਵੀ, ਨਾਤਾ ਸਾਥੋਂ ਤੋੜ ਗਏ
ਉਹ ਵੀ ਦਿਨ ਸਨ, ਬੇਗ਼ਾਨੇ ਵੀ, ਆਪਣੇ ਬਣ ਬਣ ਬਹਿੰਦੇ ਸਨ।

ਇਹ ਵੀ ਦਿਨ ਹਨ, ਸ਼ਾਮ ਢਲੇ, ਜਦ ਦਿਲ ਰੋ ਪੈਂਦਾ ਹੈ
ਉਹ ਵੀ ਦਿਨ ਸਨ, ਸ਼ਾਮ ਢਲੇ ਤਾਂ, ਨਿੱਤ ਭੰਗੜੇ ਪੈਂਦੇ ਸਨ।

ਇਹ ਵੀ ਦਿਨ ਹਨ, ਘਰ ਦੀਆਂ, ਕੰਧਾਂ ਹੀ ਮੈਨੂੰ ਵੇਖਦੀਆਂ
ਉਹ ਵੀ ਦਿਨ ਸਨ, ਯਾਰ ਬੇਲੀ, ਕੋਲ ਕੋਲ ਹੋ ਬਹਿੰਦੇ ਸਨ।

ਇਹ ਵੀ ਦਿਨ ਹਨ, ਸ਼ਿਅਰ ਬਜ਼ਾਰ, ਰਾਜਾ ਕਦੇ ਕੰਗਾਲ ਕਰੇ
ਉਹ ਵੀ ਦਿਨ ਸਨ, ਸੌ ਦਾ ਨੋਟ, ਯਾਰ ਬਾਦਸ਼ਾਹ ਕਹਿੰਦੇ ਸਨ।

ਇਹ ਵੀ ਦਿਨ ਹਨ, ਵੱਡੇ ਸ਼ਬਦ ਵੀ, ਅਰਥਹੀਣ ਹੀ ਲਗਦੇ ਹਨ
ਉਹ ਵੀ ਦਿਨ ਸਨ, ਭੋਲੀਆਂ ਗੱਲਾਂ, "ਸ਼ਬਦ" ਵਾਂਗੂੰ ਕਹਿੰਦੇ ਸਨ।

ਇਹ ਵੀ ਦਿਨ ਹਨ, ਰੱਬ ਦੇ ਘਰਾਂ 'ਚ, ਘੋਰ ਪਾਪ ਨਿੱਤ ਹੁੰਦੇ ਨੇ
ਉਹ ਵੀ ਦਿਨ ਸਨ, ਘਰ ਘਰ ਵਿੱਚ, ਰੱਬੀ ਬੰਦੇ ਰਹਿੰਦੇ ਸਨ।

ਇਹ ਵੀ ਦਿਨ ਹਨ, ਹਰ ਰਾਹ ਹੀ, ਰੁੱਸਿਆ ਲਗਦਾ ਹੈ
ਉਹ ਵੀ ਦਿਨ ਸਨ, ਕੁੱਦੋਵਾਲ ਦੇ, ਚਾਅ ਉੱਮਡਦੇ ਰਹਿੰਦੇ ਸਨ।



## ਕੰਮਪਿਊਟਰ ਯੁੱਗ

ਸਭ ਦਰਵਾਜ਼ੇ ਬੰਦ, ਕੰਮਪਿਊਟਰ ਕਰ ਲਏ।
ਲੋੜ ਕੀ ਹੈ, ਹੱਥ ਦੀ ਮਜ਼ਦੂਰ ਦੀ।

ਪੈਸਾ ਪੈਸਾ ਜੋੜ, ਮਸ਼ੀਨਾਂ ਧਰ ਲਈਆਂ
ਮਸ਼ੀਨ ਕਮਾਵੇ ਪੈਸਾ, ਟੌਹਰ ਹਜ਼ੂਰ ਦੀ।

ਪੈਸਾ ਖਿੱਚੇ, ਪੈਸਾ ਲਾ ਕੇ ਦੇਖ ਲਉ
ਕੀ ਖਿੱਚੇਗੀ ਦਮੜੀ, ਇੱਕ ਮਜ਼ਬੂਰ ਦੀ।

ਪੈਸੇ ਨਾਲ ਖਰੀਦੋ, ਸਨਮਾਨ ਸੱਭ
ਸ਼ਾਪਿੰਗ ਕਰੋ, ਹਰ ਵਧੀਆ ਦਸਤੂਰ ਦੀ।

ਗਿਆਨ ਵਧਾਉ, ਸੈਰ ਸਪਾਟਾ ਵਾਧੂ ਦਾ
ਟਿਕਟ ਬਣਾਉ, ਹਵਾਈ ਯਾਤਰਾ ਟੂਰ ਦੀ।

ਕੁੱਦੋਵਾਲ ਨਾ ਭੁਲਿਓ, ਬੱਚੇ ਲੈ ਜਾਣਾ ਦੇਸ਼,
ਪਿੰਡ ਕਹਿੰਦੇ ਨੇ, ਬਖ਼ਸ਼ਿਸ਼ ਹੈ ਹਜ਼ੂਰ ਦੀ।

## ਪਿਆਰ ਦੀ ਗੱਲ

ਤੇਰੇ ਮੇਰੇ ਪਿਆਰ ਦੀ ਗੱਲ ।
ਬਣ ਗਈ ਮਿਆਰ ਦੀ ਗੱਲ।

ਦੁਨੀਆਂਦਾਰੀ ਚਲਦੀ ਹੈ
ਇਹੋ ਹੈ ਵਿਹਾਰ ਦੀ ਗੱਲ।

ਜੰਗਬਾਜ਼ਾਂ ਲਈ ਮੌਕਾ ਹੈ
ਜਿਵੇਂ ਕਿਸੇ ਤਿਉਹਾਰ ਦੀ ਗੱਲ।

ਸ਼ਾਹਜ਼ਾਦੀ ਦੀ ਵਰਮਾਲਾ ਲਈ
ਚੱਲੇ ਕਿਸੇ ਕੁਮਾਰ ਦੀ ਗੱਲ।

ਸੁਹਣੀ ਸੁਹਣੀ ਕਰਦੇ ਸੱਭ
ਕਰੇ ਨਾ ਕੋਈ ਪਿਆਰ ਦੀ ਗੱਲ।

ਦੀਪਕ ਰਾਗ ਇਤਿਹਾਸ ਹੋਇਆ
ਘੱਟ ਚੱਲੇ ਮਲਹਾਰ ਦੀ ਗੱਲ।



## ਦੋਸਤੀ

ਜ਼ਿੰਦਗੀ ਦਾ ਫੁੱਲ, ਸੁੱਕਦਾ ਜਾ ਰਿਹਾ।
ਮਹਿਕ ਦਾ ਸਾਗਰ, ਸੁੱਕਦਾ ਜਾ ਰਿਹਾ।

ਕੰਡਿਆਂ ਤੇ ਤੁਰਨਾ, ਸਹਿਲ ਹੋ ਗਿਆ
ਛਾਲਿਆਂ 'ਚੋਂ ਖ਼ੂਨ, ਸੁੱਕਦਾ ਜਾ ਰਿਹਾ।

ਕਸਮ ਤੇਰੀ, ਦੋਸਤੀ ਦੀ ਦੋਸਤਾ
ਦੋਸਤੀ ਦਾ, ਵਸਾਹ ਮੁੱਕਦਾ ਜਾ ਰਿਹਾ।

ਯਾਰੀ ਤੇ ਮਾਣ, ਕਰਦਾ ਰਹਿ ਗਿਆ
ਯਾਰ ਬਣ ਕੇ ਦੁਸ਼ਮਣ, ਬੁੱਕਦਾ ਜਾ ਰਿਹਾ।

ਸਬਕ ਨੈਤਿਕਤਾ ਦਾ, ਸਾਨੂੰ ਦੇ ਰਿਹਾ
ਆਪ ਰੱਬ ਨੂੰ ਪਿੱਛੇ, ਸੁੱਟਦਾ ਜਾ ਰਿਹਾ।

## ਲਹੂ ਸ਼ਹੀਦਾਂ ਦਾ

ਕੌਣ ਹੈ ਜੋ ਅੱਜ, ਬਸਤੀ ਵਿੱਚ ਮੇਰੀ ਗਾ ਰਿਹਾ।
ਗੀਤ ਉਸਦਾ, ਦਰਦ ਮੇਰਾ, ਜਗਦਾ ਜਾ ਰਿਹਾ।

ਵਰ੍ਹਿਆਂ ਬਾਦ, ਯਾਦਾਂ ਦੀ, ਕੈਨਵਸ ਤੇ ਅੱਜ
ਰੁੱਸ ਗਿਆ ਚਿਹਰਾ, ਕਿਉਂ ਉਘੜਦਾ ਜਾ ਰਿਹਾ।

ਵਕਤ ਦਾ ਗੇੜ੍ਹ, ਕੁੱਝ ਇਸ ਤਰਾਂ ਚਲ ਰਿਹਾ
ਪੂਰਬ 'ਚੋਂ ਨਿਕਲੇ ਸੋਨਾ, ਪੱਛਮ 'ਚ ਢਲਦਾ ਜਾ ਰਿਹਾ।

ਸ਼ਹੀਦ ਤਾਂ ਸ਼ਹੀਦ ਹਨ, ਆਪਣੇ ਕੀ ਉਹਨਾਂ ਦੇ
ਨਾ ਧਰੋ ਇਲਜ਼ਾਮ ਐਵੇਂ, ਜ਼ਹਿਰ ਭਰਦਾ ਜਾ ਰਿਹਾ।

ਉਹ ਤੇਰੇ ਇਲਜ਼ਾਮ ਤੇ, ਬਿਲਕੁਲ ਵੀ ਖ਼ਫ਼ਾ ਨਹੀਂ
ਵਕਤ ਤੁਰਦਾ ਜਾ ਰਿਹਾ, ਇਤਿਹਾਸ ਘੜਦਾ ਜਾ ਰਿਹਾ।

ਲਹੂ ਸ਼ਹੀਦਾਂ ਦਾ ਕਦੇ, ਨਾ ਮਿਟਾਇਆ ਜਾ ਸਕੇ
ਨੀਹਾਂ ਦੇ ਵਿੱਚ ਲਹਿ ਕੇ, ਘਰਾਂ 'ਚੋਂ ਉਠਦਾ ਜਾ ਰਿਹਾ।



## ਸਫ਼ਰ

ਮੰਨਿਆਂ ਆਰਥਿਕ ਮੰਦਹਾਲੀ, ਖ਼ਵਾਰੀ ਹੈ।
ਤਾਂ ਵੀ ਸਫ਼ਰ ਦੀ, ਪੂਰੀ ਅੱਜ ਤਿਆਰੀ ਹੈ।

ਪੈਰਾਂ ਦੇ ਵਿੱਚ ਛਾਲੇ, ਸਿਖਰ ਦੁਪਹਿਰ ਸਿਰ
ਤੋਰ ਜੀਵਨ ਦੀ ਹੋਈ, ਬੜੀ ਨਿਆਰੀ ਹੈ।

ਰੂਹ ਤਾਂ ਪੁੰਨੂੰ ਨਾਲ ਹੀ, ਮੇਰੀ ਲੈ ਗਿਆ
ਸੀਨੇ ਵਿੱਚ ਬਰਛੀ, ਬਿਰਹਾ ਮਾਰੀ ਹੈ।

ਦੁਨੀਆਂ ਬੁਰਾ ਭਲਾ, ਦੋਹਾਂ ਨੂੰ ਕਹੇ
ਦੋ ਧਾਰੀ ਤਲਵਾਰ, ਦੁਨੀਆਂਦਾਰੀ ਹੈ।

ਲੱਸੀ ਨੂੰ ਵੀ ਫੂਕਾਂ, ਮਾਰ ਕੇ ਪੀਂਦੇ ਹਾਂ
ਦੁੱਧ ਤੱਤੇ ਨੇ ਬਖ਼ਸ਼ੀ, ਸਮਝਦਾਰੀ ਹੈ।

ਕਿਉਂ ਕਿੱਦਾਂ ਕਿਸ ਲਈ, ਸੱਭ ਕੁੱਝ ਕਰਾਂ
ਕੁੱਦੋਵਾਲ ਦੀ, ਇਸ ਮਸਲੇ ਮੱਤ ਮਾਰੀ ਹੈ।

## ਪੰਜਾਬੀ

ਰੋਜ਼ ਰਾਤ ਯਾਦਾਂ ਦੇ ਦੀਵੇ
ਚਾਨਣ ਕਰਦੇ ਰਾਤਾਂ
ਤਿੱਪ ਤਿੱਪ ਲਹੂ ਜ਼ਿਗਰ ਦਾ ਪੀਂਦੇ
ਹੰਝੂ ਦੇਣ ਸੁਗਾਤਾਂ
ਤਾਰੇ ਗਿਣ ਗਿਣ ਰਾਤ ਲੰਘਾਵਾਂ
ਭਿੱਜੀਆਂ ਉੱਗਣ ਪ੍ਰਭਾਤਾਂ
ਕੁੱਦੋਵਾਲ ਤੈਨੂੰ ਗ਼ਮ ਨੇ ਲੁੱਟਿਆ
ਲੋਕੀਂ ਪਾਵਣ ਬਾਤਾਂ।

ਮਾਂ ਬੋਲੀ ਪਿੱਛੇ ਛੱਡੀ
ਪੱਲੇ ਪਿਆ ਕੰਮਪਿਊਟਰ
ਅੰਗਰੇਜ਼ੀ ਬੋਲੋ ਅੰਗਰੇਜ਼ੀ ਸਿੱਖੋ
ਆਖਣ "ਸਿਆਣੇ" ਟਿਊਟਰ
ਵਸਤਰ ਉਤਾਰੋ ਮੰਚ ਸ਼ਿੰਗਾਰੋ
ਸ਼ਰਤ ਰੱਖੇ ਵੀਡੀਓ ਪ੍ਰਡਿਊਸਰ
ਪੰਜਾਬੀ ਵਿਰਸਾ ਨੰਗਾ ਕਰਨਾ
ਮਿੱਥ ਬੈਠੇ ਕਈ ਫ਼ਿਲਮ ਪ੍ਰਡਿਊਸਰ।

ਫਿਰ ਹਨ੍ਹੇਰਾ ਗਹਿਰਾ ਹੋਇਆ
ਲੰਮੀਆਂ ਹੋਈਆਂ ਰਾਤਾਂ
ਲੁੱਟ ਖੋਹ ਬਲਾਤਕਾਰ ਹੋਵੇ
ਚੱਲਣ ਨਸ਼ੇ ਦੀਆਂ ਸੁਗਾਤਾਂ
ਗਰੀਬ ਕਿਸਾਨ ਖ਼ੁਦਕੁਸ਼ੀ ਕਰਦੇ
ਲੀਡਰ ਮਾਰਨ ਵੱਡੀਆਂ ਬਾਤਾਂ
ਸ਼ਾਲਾ ਮੁੜ ਪੰਜਾਬ 'ਚ ਆਵਣ
ਹੱਕ ਸੱਚ ਦੀਆਂ ਪ੍ਰਭਾਤਾਂ।



ਇਸ਼ਕ ਮੁਹੱਬਤ ਹਰ ਕੋਈ ਚਾਹਵੇ
ਕੋਈ ਹਕੀਕੀ ਕੋਈ ਮਿਜ਼ਾਜ਼ੀ
ਦਿਲ ਵੱਟੇ ਕੋਈ ਦਿਲ ਵਟਾਵੇ
ਤੋੜ ਕੇ ਬੰਧਨ ਸੱਭ ਰਿਵਾਜ਼ੀ
ਸੱਯਦ ਅਰਾਂਈ ਇੱਕ ਹੋ ਜਾਂਦੇ
ਜਦ ਖੇਲਣ ਇਸ਼ਕ ਦੀ ਬਾਜ਼ੀ
ਕੁੱਦੋਵਾਲ ਇਸ ਇਸ਼ਕ ਦੀ ਚਾਹ ਨੇ
ਫ਼ਾਨੀ  ਦੁਨੀਆਂ ਸਾਜੀ।

## ਮਾਂ

ਮਾਂ ਮੁੜ ਕੇ ਹੁਣ ਮਿਲਣੀ ਨਾਹੀਓਂ
ਨਿੱਤ ਯਾਦ ਕਰਾਂ ਨਾਲੇ ਝੂਰਾਂ।
ਰੱਬ ਵਰਗਾ ਤੇਰਾ ਹੱਥ ਮੇਰੇ ਸਿਰ
ਬੋਲ ਜਿਉਂ ਸ਼ਹਿਦ ਖਜ਼ੂਰਾਂ।

ਮਾਂ ਵਰਗਾ ਨਾ ਰਿਸ਼ਤਾ ਕੋਈ
ਇਉਂ ਲਿਖੀਆਂ ਰੱਬ ਤਕਦੀਰਾਂ।
ਮਾਂ ਟੁਰ ਜਾਏ ਫਿਰ ਮਿਲਦੀ ਨਾਹੀਓਂ,
ਲੱਖਾਂ ਯਤਨ ਕਰੋ ਤਦਬੀਰਾਂ ।

ਬਾਕੀ ਰਿਸ਼ਤੇ ਨਾਤੇ ਚੰਗੇ
ਜੀਵਣ ਲਈ ਤਕਬੀਰਾਂ।
ਕੁੱਦੋਵਾਲ ਨੂੰ ਕੁੱਲ ਮਾਵਾਂ ਜਾਪਣ
ਮਾਂ ਆਪਣੀ ਦੀਆਂ ਤਸਵੀਰਾਂ।

ਘੜੀਆਂ ਚੁਣ ਚੁਣ ਵਕਤ ਬਿਠਾਲਾਂ
ਮੇਰੇ ਸੂਈਆਂ ਚੁੱਭਣ ਪੈਰੀਂ।
ਅੱਖਾਂ ਵਿੱਚ ਇਤਿਹਾਸ ਵਿਛਾਵਾਂ
ਕਰਾਂ ਵਰਤਮਾਨ ਸੁਨਹਿਰੀ।

ਬੀਤੇ ਦਾ ਤਾਂ ਪੰਧ ਲੰਮੇਰਾ
ਮੇਰੀ ਢਲਦੀ ਸਿਖਰ ਦੁਪਹਿਰੀਂ
ਕੁੱਦੋਵਾਲ ਤੇਰਾ ਰੋਗ ਅਵੱਲੜਾ
ਨਿੱਤ ਜਾਗੇਂ ਪਿਛਲੇ ਪਹਿਰੀਂ।



## ਜੈ ਜਵਾਨ ਜੈ ਕਿਸਾਨ

ਓਪਰਾਪਨ ਬੇਗਾਨਗੀ, ਇਮਤਿਹਾਨ ਹੈ।
ਇਸ਼ਕ ਹੀ ਇਸ਼ਕ, ਦਾ ਗਿਆਨ ਹੈ।

ਤੀਰ ਸ਼ੂਕਿਆ, ਨਿਸ਼ਾਨੇ ਵੱਜਿਆ
ਰਫ਼ਤਾਰ ਦਾ ਨਾਂ, ਹੀ ਕਮਾਨ ਹੈ।

ਜੰਗ ਲਗੀ, ਦਹਿਸ਼ਤਗਰਦੀ ਦੇ ਨਾਂ
ਮਰ ਰਿਹਾ, ਥਾਂ ਥਾਂ ਇਨਸਾਨ ਹੈ।

ਲੰਬੜਦਾਰ, ਬਣਿਆ ਸਾਰੀ ਦੁਨੀਆਂ ਦਾ
ਅਮਰੀਕਾ ਦਾ, ਅਹੰਕਾਰ ਤੇ ਗੁਮਾਨ ਹੈ।

ਜੈ ਜਵਾਨ ਜੈ ਕਿਸਾਨ, ਨਾਅਰੇ ਬੰਦ
ਖ਼ੁਦਕੁਸ਼ੀ 'ਚ ਲਟਕਦਾ, ਅਰਮਾਨ ਹੈ।

ਨਿੱਤ ਈਰਾਕ ਵਿੱਚ, ਮਰੇ ਕੋਈ ਜਵਾਨ
ਖੇਤਾਂ ਵਿੱਚ ਮਰਦਾ, ਕੋਈ ਕਿਸਾਨ ਹੈ।

ਯਾ ਰੱਬ! ਭੁੱਖਾ ਮਰ ਰਿਹਾ ਕਿਉਂ
ਅੰਨਦਾਤਾ ਦੇਸ਼ ਦਾ ਕਿਸਾਨ ਹੈ।

## ਪਰਦੇਸ ਸਿਧਾਏ

ਪਿੰਡੋਂ ਉੱਠੇ, ਸ਼ਹਿਰੀਂ ਆਏ।
ਵਤਨ ਛੱਡ ਪਰਦੇਸ ਸਿਧਾਏ।

ਭੁੱਖ ਗਰੀਬੀ ਦਹਿਸ਼ਤ ਹਰ ਥਾਂ
ਹੁਣ ਇਹ ਬੰਦਾ ਕਿਧਰ ਜਾਏ।

ਸਿਆਸਤਦਾਨ ਬੁੱਲੇ ਲੁੱਟਦਾ
ਵੋਟਰ ਤਾਂ ਬੱਸ ਵੋਟਾਂ ਪਾਏ।

ਪੁੱਠਾ ਬੰਦਾ ਉਪਰ ਚੜ੍ਹਦਾ
ਸਿੱਧਾ ਬੰਦਾ ਭਾਰ ਉਠਾਏ।

ਚੋਰੀ ਯਾਰੀ ਠੱਗੀ ਟਿਚੱਰ
ਸ਼ਰਾਫ਼ਤ ਦਾ ਮਜ਼ਾਕ ਉਠਾਏ।

ਰਿਸ਼ਤੇ ਨਾਤੇ ਲੋੜ ਦੇ ਸਾਰੇ
ਡਾਲਰ ਪੌਂਡ ਦੇ ਬਣ ਗਏ ਸਾਏ

ਖੱਤ ਪੱਤਰ ਪਿੱਛੇ ਰਹਿ ਗਏ
ਈ-ਮੇਲ ਫੋਨ ਕਦੇ ਹੀ ਆਏ।

ਤੇਰੇ ਮੇਰੇ ਜ਼ਿਹਨ 'ਚ ਯਾਰਾ
ਇਕ ਯੁੱਗ ਪਾੜਾ ਵੱਧਦਾ ਜਾਏ।

ਅੱਖਾਂ ਵਿਚੋਂ ਡੱਲ੍ਹਕਣ ਹੰਝੂ
ਜਦ ਵੀ ਯਾਦ ਪਿੰਡ ਦੀ ਆਏ।



ਜਿਥੇ ਛੱਡੇ ਸੱਜਣ ਸਾਰੇ
ਬੇਲੀ ਮਿੱਤਰ ਮਾਂ ਪਿਉ ਜਾਏ।

ਕੁੱਦੋਵਾਲ ਦੀਆਂ ਗਲੀਆਂ ਸੱਥਾਂ
ਪਿੱਪਲ ਬੋਹੜ ਤੇ ਹਮਸਾਏ।

ਵਤਨ ਦੀ ਮਿੱਟੀ ਛੱਡਣੀ ਪੈਂਦੀ
ਰੋਜ਼ਗਾਰ ਦੇ ਹਾਂ ਸਤਾਏ।

## ਹੱਸਾਉਣਾ ਕੀ

ਹੱਸਣਾ ਕੀ ਹੱਸਾਉਣਾ ਕੀ।
ਰੋਣਾ ਕੀ ਰੁਵਾਉਣਾ ਕੀ।

ਓਸ ਪਾਸੇ ਜੋ ਚਲਾ ਗਿਆ
ਮੁੜ ਕੇ ਉਸ ਆਉਣਾ ਕੀ।

ਸੁਰ ਤਾਲ ਦੀ ਸਮਝ ਨਹੀਂ
ਉਸ ਗਾਇਕ ਦਾ ਗਾਉਣਾ ਕੀ।

ਸਿੱਧੇ ਮੂੰਹ ਜਿਸ ਕੂਣਾ ਨਾ
ਉਸਨੂੰ ਹੋਰ ਬੁਲਾਉਣਾ ਕੀ।

ਐਂਵੇ ਸੜਦਾ ਤਪਦਾ ਰਹੇ
ਉਸਦਾ ਖਿਝਣ ਖਿਝਾਉਣਾ ਕੀ।

ਬਿਨ ਪੇਂਦੇ ਦਾ ਲੋਟਾ ਹੈ
ਉਸਦੇ ਪਿੱਛੇ ਭਾਉਣਾ ਕੀ।

ਜਿਸਦੀ ਸਮਝ ਤੋਂ ਬਾਹਰ ਹੈ
ਉਸਨੂੰ ਹੋਰ ਸਮਝਾਉਣਾ ਕੀ।

ਪੜ੍ਹ ਪੜ੍ਹ ਲਿਖ ਲਿਖ ਕੜ੍ਹ ਚੁੱਕੈ
ਉਸਨੂੰ ਹੋਰ ਪੜ੍ਹਾਉਣਾ ਕੀ।

ਕੁੱਦੋਵਾਲ ਹੁਣ ਅੜ ਬੈਠਾ
ਉਸਨੂੰ ਕਿਸੇ ਨੇ ਲਾਹੁਣਾ ਕੀ।



## ਲੋਕ ਨਾਇਕ (ਪਾਸ਼ ਦੇ ਨਾਂ)

ਉਹ ਸੁਣ ਕੇ ਗਾਥਾ ਲੋਕਾਂ ਦੀ।
ਜੜ੍ਹ ਵੱਢਣ ਤੁਰਿਆ ਜੋਕਾਂ ਦੀ।

ਉਸ ਰੂਹ ਦੀ ਰਮਜ਼ ਪਛਾਣ ਲਈ
ਜਿਥੇ ਮਾਰ ਨਾ ਹੋਵੇ ਤੋਪਾਂ ਦੀ

ਉਸ ਦੁੱਖ ਦੀ ਨਬਜ਼ ਪਛਾਣ ਲਈ
ਕਿਉਂ ਲਗਦੀ ਝੜੀ ਕਰੋਪਾਂ ਦੀ

ਕਿਉਂ ਕੋਠੀਆਂ ਵਿੱਚ ਖੁਸ਼ਹਾਲੀ
ਕਿਉਂ ਉੱਠਦੀ ਚੀਖ ਹੈ ਢੋਕਾਂ ਦੀ।

ਕਿਉਂ ਕਿਰਤੀ ਕਦੇ ਵੀ ਰੱਜਿਆ ਨਾ
ਕਿਉਂ ਜੀਵੇ ਜ਼ਿੰਦਗੀ ਔਖਾਂ ਦੀ।

## ਭਗਤ ਸਿੰਘ ਸ਼ਹੀਦ

ਉਹ ਸ਼ਹੀਦ ਨਹੀਂ ਕਾਤਲ ਸੀ, ਚੁੱਕਿਐ ਅੱਜ ਤੂੰ ਵਬਾਲ
ਹੱਸ ਕੇ ਉਹ ਚੜ੍ਹਿਆ ਫਾਂਸੀ, ਕਿਉਂ ਆਇਆ ਇਨਕਲਾਬ ?

ਕਤਲ ਉਸਦਾ ਵੀ ਹੋਇਆ, ਹੋਇਆ ਤੇਰੇ ਹੁਕਮ ਨਾਲ
ਅੱਜ ਕਿਉਂ ਪੁੱਛਿਆ ਜਾ ਰਿਹੈ, ਉਹ ਮਹਿਕ ਸੀ ਜਾਂ ਗੁਲਾਬ ?

ਲੋਕਾਂ ਆਪਣੇ ਬੋਲ ਜਦ, ਦਫਨ ਹਿੱਕ ਵਿੱਚ ਕਰ ਲਏ
ਭਗਤ ਸਿੰਘ ਬਣਿਆਂ ਆਵਾਜ਼, ਡੋਲ੍ਹ ਆਪਣਾ ਲਹੂ ਲਾਲ।

ਭਗਤ ਸਿੰਘ ਆਜ਼ਾਦ ਰੂਹ ਸੀ, ਆਜ਼ਾਦੀ ਲਈ ਜੂਝਿਆ
ਗੁਲਾਮ ਸੋਚ ਕੀ ਦੇ ਸਕੇਗੀ, ਉਸਦਾ ਕੋਈ ਵੀ ਜੁਆਬ।

ਤੇਰੀ ਅਦਾਲਤ ਵਿੱਚ ਅੱਜ, ਉਸਦਾ ਕਾਤਲ ਹੈ ਬਰੀ
ਬਰੀ ਕਰੋ ਹਰ ਕਾਤਲ, ਵਕਤ ਹੈ ਖੱਟ ਲਓ ਸਵਾਬ।

ਉਹ ਹੈ ਸੂਰਜ ਜੋ ਹਨੇਰੇ, ਚੀਰ ਕੇ ਰੌਸ਼ਨ ਕਰੂ
ਕੁੱਦੋਵਾਲ ਉਸਦੀ ਸ਼ਹਾਦਤ, ਰੌਸ਼ਨ ਕਰ ਤ੍ਰੈਕਾਲ।



## ਗੁਰੂ ਨਾਨਕ ਨੂੰ

ਤੇਰੇ ਆਉਣ ਤੱਕ ਦਾਤਾ, ਬੜਾ ਹਨ੍ਹੇਰਾ ਸੀ।
ਸੂਰਜ ਸੱਚ ਦਾ ਬਾਬਾ, ਇਕ ਨਵਾਂ ਸਵੇਰਾ ਸੀ

ਮੱਸਿਆ ਕੂੜ ਦੀ ਕਾਲੀ, ਕੋਈ ਚੰਨ ਨਾ ਤਾਰਾ,
ਤੇਰੇ ਗਿਆਨ ਦੀ ਲੋਅ ਨੇ ਕੱਟਿਆ ਅੰਧੇਰਾ ਸੀ।

ਬੱਦਲ ਪਾਪ ਦੇ ਛਾਏ, ਲੱਗਾ ਗ੍ਰਹਿਣ ਸੂਰਜ ਨੂੰ,
ਪਾਖੰਡੀ ਧਰਮੀਆਂ ਦਾ ਉਂਝ ਤਾਂ, ਰੌਲਾ ਬਥੇਰਾ ਸੀ।

ਬਲੀ ਨਿਸਦਿਨ ਚੜ੍ਹਦੀ ਸੀ, ਪੂਜੀ ਜਾਵੇ ਜੋ ਮਾਂ ਕਰਕੇ,
ਜੰਮੇ ਰਾਜਾਨ ਪਰ ਉਸ ਲਈ, ਕੰਧਾਂ ਦਾ ਘੇਰਾ ਸੀ।

ਤੋੜੇ ਸੁਹਾਗਣ ਦਾ ਚੂੜਾ, ਲੁੱਟੇ ਧਰਮ ਅਬਲਾ ਦਾ,
ਬਹੇ ਇਨਸਾਫ ਦੀ ਕੁਰਸੀ, ਰਾਜਾ ਹੀ ਲੁਟੇਰਾ ਸੀ।

ਬਾਬਰ ਤੋਂ ਬੰਨਵੇਂ ਤੱਕ, ਵਾਢੀ ਦਾ ਰਿਹਾ ਮੌਸਮ,
ਮੇਰੇ ਸਬਰ ਦੀ ਅਜ਼ਮਾਇਸ਼ ਦਾ, ਐਨਾ ਕੁ ਘੇਰਾ ਸੀ।

ਮੁੜ ਮੁੜ ਪਾਪ ਦੀ ਪਾਪੀ, ਜੰਞ ਲੈ ਕੇ ਚੜ੍ਹਦੇ ਰਹੇ,
ਬਾਬਰ ਕਦੇ ਮੰਨੂੰ ਕਦੇ, 'ਆਪਣਿਆਂ' ਸਿਰ ਸਿਹਰਾ ਸੀ।

ਟੁੱਟੀ ਹੱਦ ਜ਼ੁਲਮਤ ਦੀ, ਕੰਬੀ ਰੂਹ ਧਰਤੀ ਦੀ,
ਸੋਹਿਲੇ ਖੂਨ ਦੇ ਗਾ ਸਕੇ, ਇਕ ਹੀ ਨਾਮ ਤੇਰਾ ਸੀ

ਬਣਕੇ ਚੰਨ ਪੁੰਨਿਆ ਦਾ, ਚੜ੍ਹੀਂ ਕੁੱਦੋਵਾਲ ਦੇ ਅਰਸ਼ੀਂ,
ਚਮਕੇ ਸੱਚ ਧਰਤੀ ਤੇ, ਚੜ੍ਹੇ ਇਕ ਨਵਾਂ ਸਵੇਰਾ ਵੀ ।

## ਖਬਰਦਾਰ

ਦੇਸ਼ ਮੇਰਾ ਅੱਜਕਲ, ਬੜਾ ਹੁਸ਼ਿਆਰ ਹੈ।
ਸੁਣਿਆ ਮਿਲਦਾ, ਸੱਭ ਨੂੰ ਹੀ ਰੁਜ਼ਗਾਰ ਹੈ।

ਖੇਤ ਬੰਜਰ ਹੋ ਰਹੇ ਨੇ, ਦੇਸ਼ ਦੇ
ਬੰਜਰ ਬੰਜਰ ਹੋ ਰਿਹਾ, ਕਿਰਦਾਰ ਹੈ।

ਹੁਣ ਤਾਂ ਰਾਖੇ, ਮਿਲਕੇ ਖੇਤ ਲੁੱਟਦੇ
ਡਰਨਾ ਡਰ ਕੇ ਡਿੱਗਾ, ਮੂੰਹ ਭਾਰ ਹੈ।

ਖ਼ੁਦਕੁਸ਼ੀ ਕਰ ਰਿਹਾ, ਹੈ ਕਿਸਾਨ
ਜਿੰਦਾਬਾਦ ਦੇਸ਼ ਦੀ, ਸਰਕਾਰ ਹੈ।

ਏਜੰਟਾਂ ਹੱਥੀਂ ਚੜ੍ਹ, ਜ਼ਮੀਨ ਵੇਚਦੇ
ਰੁਲਦਾ ਫਿਰਦਾ ਆਰ, ਕੋਈ ਪਾਰ ਹੈ।

ਪੱਥਰ ਚਿੱਤ ਨੇ ਲੋਕ, ਇਸ ਨਗਰ ਦੇ
ਹਰਗਿਜ਼ ਜ਼ਖ਼ਮ ਨ ਫੋਲ, ਖ਼ਬਰਦਾਰ ਹੈ।

ਲੁੱਟਣ ਨੂੰ ਤਾਂ ਬਹੁਤ, ਇਸ ਸ਼ਹਿਰ ਵਿੱਚ
ਵਿਰਲਾ ਵਿਰਲਾ ਲੱਭਦਾ, ਮਦਦਗਾਰ ਹੈ।



## ਮੈਂ ਤੇ ਮੇਰੀ ਤਨਹਾਈ

ਮੈਂ ਤੇ ਮੇਰੀ ਤਨਹਾਈ, ਜਦ ਵੀ ਨਿਕਲੇ ਸੈਰ ਨੂੰ।
ਪਤਾ ਨਹੀਂ ਕਿਉਂ ਹਨ੍ਹੇਰਾ, ਖਾ ਜਾਏ ਇਸ ਸ਼ਹਿਰ ਨੂੰ।

ਮਿਰਦੰਗ ਘੁੰਗਰੂ, ਸੁਰ ਤੇ ਤਾਲ ਸੁਣਦਾ ਹਰ ਸ਼ਾਮ
ਸਿਸਕੀਆਂ ਦਾ ਦੌਰ ਚਲੇ, ਉਸ ਜਗ੍ਹਾ ਦੁਪਹਿਰ ਨੂੰ।

ਨਾ ਹੀ ਅੱਜ ਸੁਕਰਾਤ, ਜੋ ਆਪ ਚੁੱਕੇ ਤੇ ਪੀ ਲਵੇ
ਨਾ ਹੀ ਉਹ ਸ਼ਿਵ ਹੈ, ਜੋ ਗਲ ਵਿੱਚ ਰੋਕੇ ਜ਼ਹਿਰ ਨੂੰ।

ਰੋਜ਼ ਹੀ ਪੀਵੇ ਜ਼ਹਿਰ, ਰੋਜ਼ ਹੀ ਮਰਦਾ ਰਹੇ
ਰੋਜ਼ ਹੀ ਕਹੇ ਅਲਵਿਦਾ, ਪੱਥਰਾਂ ਦੇ ਸ਼ਹਿਰ ਨੂੰ।

ਇਕ ਨਿਕੱਦਾ ਰੁੱਖ, ਜੜ੍ਹਾਂ ਤੱਕ ਨੰਗਾ ਖੜ੍ਹਾ
ਨਦੀ ਦੀ ਮਾਰ ਵਿੱਚ ਵੀ, ਲਲਕਾਰੇ ਹਰ ਲਹਿਰ ਨੂੰ।

## ਗਲੋਬਲ ਏਕਤਾ

ਨੀਹਾਂ ਡੂੰਘੀਆਂ ਹੋਣ ਤਾਂ, ਮਜ਼ਬੂਤ ਹੋਵਣ ਦੀਵਾਰਾਂ।
ਲੋਕ ਹਿੰਮਤ ਰੱਖਣ ਤਾਂ, ਬਦਲਣ ਜਿੱਤਾਂ ਵਿੱਚ ਹਾਰਾਂ।

ਵਕਤ ਦੇ ਗੱਦਾਰਾਂ ਤਾਂ, ਕਰਨੀ ਹੈ ਗੱਦਾਰੀ ਸਦਾ
ਉਹਨਾਂ ਜਿੱਤਣਾ, ਜੋ ਸਹਿ ਗਏ, ਵਕਤ ਦੀਆਂ ਮਾਰਾਂ।

ਨਾ ਜਾਣਾ ਜ਼ਿੰਦਗੀ ਦਾ, ਅੰਤ ਕਿਸ ਤਰਾਂ ਹੈ ਹੋਣਾ
ਸੁਣਿਐਂ ਮੌਤ ਪਿਛੋਂ ਵੀ, ਖਿੜਦੀਆਂ ਰਹਿਣ ਬਹਾਰਾਂ।

ਦੁਨੀਆਂ 'ਐਸ਼' ਵਾਗੂੰ ਕੋਮਲ, ਤੇ 'ਬੁੱਸ਼' ਵਾਗੂੰ ਸਖਤ ਹੈ
ਉਹ ਲੁੱਟੇ ਦਿਲਾਂ ਦਾ ਚੈਨ, ਉਹ ਮਾਰੇ ਦੂਰ ਤੱਕ ਮਾਰਾਂ।

ਇਕ ਰੱਬ ਦੇ ਨਾਂ ਹੇਠਾਂ, ਧਰਮਾਂ ਦਾ ਰੌਲਾ ਪਾ ਲਿਆ
ਇਕ ਹੀ ਰੱਬ ਹੈ ਦੱਸਿਆ, ਰਾਹਬਰਾਂ ਪੈਗੰਬਰਾਂ ਮਾਹਰਾਂ।

ਆਉ ਪੱਥਰਾਂ ਨੂੰ ਵੀ ਘੜ ਕੇ, ਪਾਰਦਰਸ਼ੀ ਕਰੀਏ
ਮੁੜ ਨਾ ਤਿੜਕਣ ਸ਼ੀਸ਼ੇ, ਤੇ ਸ਼ੀਸ਼ੇ ਦੀਆਂ ਦੀਵਾਰਾਂ।

ਚਲੋ ਚੱਲੀਏ ਕੁੱਦੋਵਾਲ, ਰਲ ਮਿਲ ਕੇ ਬੈਠੀਏ
ਗਲੋਬਲ ਏਕਤਾ ਭਾਈਚਾਰੇ, ਤੇ ਕਰੀਏ ਵਿਚਾਰਾਂ।



## ਸ਼ਾਂਤੀ ਦੂਤ

ਤੂੰ ਹੀ ਸਾਗਰ ਵਾਂਗ, ਖੌਲਣਾ ਤੇ ਮਚਲਣਾ।
ਮੈਂ ਧਰਤੀ ਵਾਂਗ, ਚੁੱਪ-ਚਾਪ ਹੈ ਵਿਗਸਣਾ।

ਚੰਨ ਲਹਿਰ ਤੇ ਰੀਝਦਾ, ਲੈ ਕੇ ਉਧਾਰੀ ਰੌਸ਼ਨੀ
ਤੇਰਾ ਵੀ ਕੀ ਏ ਚਲਣ, ਗੱਲ ਗੱਲ ਤੇ ਤਿਲ੍ਹਕਣਾ।

ਅੱਜਕੱਲ ਚੁਪ ਚਾਪ ਹੀ, ਵਰ੍ਹਦੀ ਅੱਗ ਅਕਾਸ਼ 'ਚੋਂ
ਨਾ ਤਲਵਾਰਾਂ ਦੀ ਖੜਕ, ਨਾ ਘੋੜਿਆਂ ਦਾ ਹਿਣਕਣਾ।

ਅੱਗ ਪਾਣੀ ਹਵਾ ਮਿੱਟੀ, ਅਕਾਸ਼ ਬਿਖਰ ਗਏ
ਮੁੜ ਗਏ ਨੇ ਸਾਥੀ, ਪਲ ਦੋ ਪਲ ਦਾ ਵਿਲਕਣਾ।

ਕੁੱਦੋਵਾਲ ਜਗ ਤੇ, ਤੂੰ ਸ਼ਾਂਤੀ ਦਾ ਦੂਤ ਬਣ
ਜੰਗ ਨੇ ਵੀ ਜੱਗ ਤੇ, ਹੈ ਭੂਤ ਬਣ ਕੇ ਵਿਚਰਨਾ।

## ਕਦਰ

ਕੌਂਣ ਮੰਨਦਾ, ਅੱਜ ਕੱਲ ਇਸ ਕਦਰ ਨੂੰ।
ਕੋਈ ਕਬਰ ਵੱਲ ਜਾਏ, ਜਾਂ ਜਾਏ ਘਰ ਨੂੰ।

ਕੰਧ ਉਹਲੇ ਪ੍ਰਦੇਸ, ਕੋਲ ਵੀ ਦੂਰ ਵੀ
ਕਰ ਜੇਰਾ ਵੇਖ ਲੈ, ਓਦਰੇ ਜਹੇ ਡਰ ਨੂੰ।

ਦੀਵਾਰ ਦੀ ਓਟ ਸੀ, ਉਡਾ ਦਿੱਤੀ ਗਈ
ਕੀ ਨਾਮ ਦੇਵਾਂ, ਟੁਕੜੇ ਹੋਏ ਧੜ ਨੂੰ।

ਨਾ ਬਨੇਰੇ ਬੱਤੀਆਂ, ਨਾ ਸੀਨਿਆਂ 'ਚ ਸੇਕ
ਕਿਉਂ ਮੁੜਨ ਪਰਿੰਦੇ, ਫਿਰ ਓਸ ਨਗਰ ਨੂੰ।

ਬਲਦਾ ਰਿਹਾ ਉਹ ਸਦਾ, ਜਿਸਦੀ ਯਾਦ ਵਿੱਚ
ਉਹ ਕਹੇ ਰੌਸ਼ਨ ਕਰਾਂ, ਇਸ ਹਨ੍ਹੇਰੇ ਸ਼ਹਿਰ ਨੂੰ।

ਬੇਵਤਨ ਹੋਣਾ, ਜੇ ਸਜ਼ਾ ਹੈ, ਮੇਰੇ ਇਸ਼ਕ ਦੀ
ਮੌਤ ਮੁਬਾਰਕ ਕੁੱਦੋਵਾਲ, ਛੱਡਣਾ ਨਾ ਦਰ ਨੂੰ।



## ਸਿਲਸਿਲਾ

ਬੇੜੀਆਂ, ਹੱਥ ਕੜੀਆਂ ਦੀ, ਦਾਸਤਾਂ ਅਜੀਬ ਹੈ।
ਜ਼ਿੰਦਗੀ ਵੀ, ਮੌਤ ਵੀ, ਹੈ ਬੜੀ ਕਰੀਬ ਹੈ।

ਜ਼ਿੰਦਗੀ ਵਿਕਾਊ ਹੈ, ਤਾਂ ਮੁੱਲ ਪਾਉ ਮੁੱਲ ਪਾਉ
ਮੌਤ ਮੁਫਤ ਨਾਲ ਹੈ, ਲਿਖਿਆ ਜ਼ਰਾ ਬਰੀਕ ਹੈ।

ਦੋਸਤਾਂ ਵੀ, ਦੁਸ਼ਮਣਾਂ ਵੀ, ਮਰਨਾ ਹੈ ਇਕ ਦਿਨ
ਸਿਲਸਿਲਾ ਸਦੀਆਂ ਤੋਂ ਇਹ, ਰਿਹਾ ਬਗਲਗੀਰ ਹੈ।

ਤੂੰ ਕਿਤੇ ਵੀ ਰਹਿ, ਤੇਰੀ ਯਾਦ ਨਾ ਜਾਣਾ ਕਿਤੇ
ਯਾਦ ਦਿਲ ਦੀ ਧੜਕਨ, ਤੇ ਸੋਚ ਦੇ ਕਰੀਬ ਹੈ।

ਲਟ ਤੇਰੀ ਦਾ ਖ਼ਮ, ਸੁਲਝਣਾ ਨਾ ਸੁਲਝਣਾ
ਨਜ਼ਰ ਮੇਰੀ ਦੀ ਸਮਝ, ਇਹ ਇਕ ਤਰਕੀਬ ਹੈ।

ਲੋਕ ਇਕ ਦਿਨ ਸੋਚ, ਕੁੱਦੋਵਾਲ ਦੀ ਸਲਾਹੁਣਗੇ
ਉਸਨੇ ਹੋਣਾ ਸ਼ਰਮਸ਼ਾਰ, ਫ਼ੇਲ੍ਹ ਉਹਦੀ ਤਰਕੀਬ ਹੈ।

## ਤੇਰੇ ਸ਼ਹਿਰ ਅੰਦਰ

ਰੋਜ਼ ਮਰਦਾਂ ਰੋਜ਼ ਸੜਦਾਂ, ਤੇਰੇ ਸ਼ਹਿਰ ਅੰਦਰ
ਫਿਰ ਰਾਖ਼ 'ਚੋਂ ਉੱਠ ਖੜਦਾਂ, ਤੇਰੇ ਸ਼ਹਿਰ ਅੰਦਰ।

ਬੜਾ ਹੀ ਤੋੜਦਾ, ਮਰੋੜਦਾ ਬਖੇੜਦਾ ਮੈਨੂੰ
ਮੈਂ ਫਿਰ ਉਸਰ ਜਾਵਾਂ ਇਕ ਨਵੀਂ ਬਹਿਰ ਅੰਦਰ।

ਕਦੇ ਨੀਹਾਂ 'ਚ ਦੱਬੇ, ਕਦੇ ਨੀਹਾਂ ਚੋਂ ਕੱਢੇ
ਮੈਂ ਅੱਜ ਵੀ ਜਿੰਦਾਂ, ਤੇਰੇ ਕਹਿਰ ਅੰਦਰ।

ਇਸ਼ਕ ਕਰਨਾ ਹੈ, ਮਰਨ ਦਾ ਵੱਲ ਸਿਖਣਾ
ਤਪਦੇ ਮਾਰੂਥਲ ਜਾਂ, ਝਨਾਂ ਦੀ ਲ਼ਹਿਰ ਅੰਦਰ।

ਨਾ ਹੀ ਦੇਸ਼ ਭਗਤੀ, ਨਾ ਇਹ ਧਰਮ ਹੈ ਬੰਦੇ
ਮਾਰੇਂ ਮਾਸੂਮ ਤੂੰ, ਸੁੱਟ ਕੇ ਬੰਬ ਸ਼ਹਿਰ ਅੰਦਰ।

ਝੱਲਾ ਦਿਲ ਹੀ ਨਾ ਮੰਨੇ, ਮਨਾਇਆ ਮੈਂ ਬੜਾ
ਬੱਸ ਮਰਨਾ ਹੀ ਲੋਚੇ, ਤੇਰੇ ਸ਼ਹਿਰ ਅੰਦਰ।



## ਘਰ ਤੇ ਕਬਰ

ਜੰਮੇਂ ਪਲੇ ਖੇਡੇ, ਸਾਂ ਜਿਸ ਘਰ ਅੰਦਰ।
ਕੈਸੀ ਵਿਡੰਬਨਾ ਬਦਲਿਆ ਕਬਰ ਅੰਦਰ।

ਰਾਤ ਸੁੱਤੇ ਸਨ ਜੋ, ਤਾਰੇ ਜੋੜ ਜੋੜ ਕੇ,
ਅਯਾਨ ਨਾ ਇਸ਼ਨਾਨ, ਅੱਜ ਫ਼ਜ਼ਰ ਅੰਦਰ।

ਜਿਨ੍ਹਾਂ ਨਾਲ ਕੀਤੀ, ਨਿੱਤ ਦੁਆ ਤੇ ਸਲਾਮ
ਉਹ ਬਸ਼ਰ ਨਾ ਸਾਥੀ, ਰਹੇ ਨਗਰ ਅੰਦਰ।

ਹੁਕਮ ਸੀ ਕਿ, ਵਰ੍ਹਦੀ ਗੋਲੀ 'ਚੋਂ ਲੰਘਾਂ
ਜਿੰਦਾ ਹਾਂ, ਦੁਆ ਤੇਰੀ ਦੀ ਸਤਰ ਅੰਦਰ।

ਖ਼ੂਨ ਦਾ ਦਰਿਆ ਸੀ, ਜਿਸ ਵਿੱਚੋਂ ਲੰਘਿਆ
ਛੋਟਾ ਸੀ ਹਰ ਸ਼ਖ਼ਸ, ਵੱਡੇ ਲਸ਼ਕਰ ਅੰਦਰ।

ਡਰਨਿਆਂ ਦੀ ਜਗ੍ਹਾ, ਫ਼ੌਜੀਆਂ ਨੇ ਲੈ ਲਈ
ਫਸਲ ਬਦਲ ਗਈ, ਸਾਰੀ ਬੰਜਰ ਅੰਦਰ।

ਬਿਰਖ ਡਿੱਗਾ, ਆਲ੍ਹਣੇ ਟੁੱਟੇ, ਬਸਤੀ ਸੜੀ
ਕੁਝ ਸੜੇ, ਕੁਝ ਮਰੇ, ਪੰਛੀ ਘਰਾਂ ਅੰਦਰ।

ਕੁਝ ਲੋਕ, ਹਰ ਥਾਂ, ਹਰ ਪਲ, ਹੀ ਮੁਕੰਮਲ
ਕੁੱਦੋਵਾਲ ਹੀ ਕਿਉਂ, ਬੇਅਸਰ ਸ਼ਹਿਰ ਅੰਦਰ।

(ਇਸਰਾਈਲ ਵਲੋਂ 2006 ਵਿੱਚ ਲਿਬਨਾਨ ਦੀ ਆਮ ਜਨਤਾ ਤੇ
ਕੀਤੇ ਹਵਾਈ ਹਮਲੇ ਤੇ ਮਰੇ ਲੋਕਾਂ ਬਾਰੇ)

## ਇਰਾਕ ਬੰਬਾਰੀ ਤੋਂ ਬਾਅਦ

ਬਿਰਖ ਜੜ੍ਹਾਂ ਤੱਕ ਕੰਬੇ, ਕਿਆਮਤ ਦਾ ਐਸਾ ਜ਼ਿਕਰ ਸੀ।
ਟਾਹਣਾਂ ਤੋਂ ਟੁੱਟਦੇ ਪੱਤੇ, ਉਸਨੂੰ ਆਹਲਣੇ ਦਾ ਫ਼ਿਕਰ ਸੀ।

ਅੱਗ ਦੀ ਵਰਖਾ ਹੋ ਹੋਈ, ਘਰ ਮਲਬਾ ਬਣ ਗਏ,
ਭੱਗਦੜ ਚੌਤਰਫ਼ ਮਚੀ ਨਾ ਰਿਹਾ ਕੋਈ ਮਿੱਤਰ ਸੀ।

ਇਹ ਜਿੰਦ ਮੇਰੀ ਆਪਣੀ, ਜੇ ਬਚ ਗਈ ਤਾਂ ਬਚ ਗਈ,
ਭੈਣ, ਭਾਈ, ਮਾਂ, ਬਾਪ ਨਾ ਯਾਦ ਕਿਹੜਾ ਪਿੱਤਰ ਸੀ।

ਸਿਮਰਤੀ 'ਚੋਂ ਕਿਰ ਗਿਆ, ਜੋ ਕੁਝ ਵੀ ਸੀ ਆਪਣਾ,
ਜੀਵਨ ਮਰਨ ਦੀ ਸੋਚ ਵੀ, ਮਨ 'ਚੋਂ ਗਈ ਵਿਸਰ ਸੀ।

ਧੂੰਆਂ ਧੁੰਦ ਗੁਬਾਰ ਮਿੱਟੀ, ਰੇਤ ਦਾ ਅੰਬਾਰ ਸੀ,
ਗਰਮ ਸਰਦ ਸ਼ਾਮ ਸੁਬਾਹ, ਨਾ ਹੀ ਦੁਪਿਹਰ ਸੀ।

ਨਾ ਘਰ ਨੂੰ ਜੰਦਰਾ, ਨਾ ਦੀਵਾ ਨਾ ਚੁੱਲ੍ਹੇ ਅਗਨ
ਨਾ ਸਰਦਲ ਤੇ ਤੇਲ, ਨਾ ਬੂਹੇ ਤੇ ਸਿਹਰ ਸੀ।

ਕੁੱਦੋਵਾਲ ਜੋ ਬੱਚ ਗਿਆ, ਬੱਸ ਉਹਦੀ ਬਖਸ਼ਿਸ਼ ਕਹੋ
ਉਹੀ ਰੱਖੇ ਉਹੀ ਮਾਰੇ, ਇਹ ਸਜ਼ਾ ਸੀ ਜਾਂ ਮਿਹਰ ਸੀ।



## ਸੂਹੇ ਬੋਲ

ਬੋਲ ਸੂਹੇ ਤੇ ਕੰਮ, ਤੇਰੇ ਯਾਦ ਰਹਿਣਗੇ।
ਝੱਖੜ ਆਣ ਭਾਵੇਂ ਕਿੰਨੇ, ਆਬਾਦ ਰਹਿਣਗੇ।

ਮਹਿਲ ਰੇਤਾ ਦੇ ਤੇਰੇ, ਤਾਂ ਮਿਟ ਜਾਣਗੇ
ਬੁੰਗੇ ਸਾਡੇ ਸ਼ਹੀਦਾਂ ਦੇ, ਸਦਾ ਰਹਿਣਗੇ।

ਤੇਰਾ ਅੱਜ ਚੱਲੇ ਜ਼ੋਰ, ਮਾਰੋ ਮਾਰ ਕਰ ਲੈ
ਜੋ ਮਰਨਗੇ ਅੱਜ, ਜ਼ਿੰਦਾਬਾਦ ਰਹਿਣਗੇ।

ਸਿਰ ਦੇ ਕੇ ਜੋ ਕੱਟਦੇ, ਜ਼ੁਲਮਾਂ ਦੀ ਫਾਹੀ
ਨਾਮ ਸਮਿਆਂ ਤੋਂ ਪਾਰ, ਉਹ ਸਦਾ ਰਹਿਣਗੇ।

ਜੋ ਸਮੇਂ ਦੇ ਖਿਡਾਰੀ, ਉਹ ਸਮੇਂ ਤੋ ਅਗਾੜੀ
ਦੇਸ਼ ਕਾਲ ਦੀ ਹੱਦ ਤੋਂ, ਆਜ਼ਾਦ ਰਹਿਣਗੇ।

## ਚਿਹਰਾ

ਰੋਕੇ ਕਦੇ ਨਾ ਰੁਕਦਾ, ਮਨ ਦਾ ਖ਼ਵਾਬ ਹੈ।
ਚਿਹਰਾ ਸਵਾਲ ਹੈ, ਚਿਹਰਾ ਜਵਾਬ ਹੈ।

ਰੇਤ ਤੇ ਸਾਗਰ ਤੇ, ਘਰ ਅਕਾਸ਼ 'ਚ
ਮੌਸਮ ਨੇ ਰੰਗ ਬਦਲੇ, ਵੱਜਦੀ ਰਬਾਬ ਹੈ।

ਜੋ ਸ਼ਖ਼ਸ਼ ਮੌਤ ਤੋਂ ਵੀ, ਡਰਿਆ ਨਾ ਕਦੇ
ਸ਼ਬਦ ਸੁਣ ਕੇ ਡਿੱਗਾ, ਕੈਸਾ ਇਹ ਰਾਜ਼ ਹੈ।

ਬਰੇਤੇ ਤੇ ਲਿਖਿਆ, ਕੀ ਲਹਿਰ ਪੜ੍ਹ ਗਈ
ਸਾਗਰ ਵੀ ਰੋ ਪਿਆ, ਦਿਲ ਵੀ ਬੇਤਾਬ ਹੈ।

ਜੰਗਲ ਦੀ ਹੈ ਦੋਸਤੀ, ਹਨ੍ਹੇਰੇ ਦੇ ਨਾਲ
ਚਾਨਣ ਤੋਂ ਡਰਦਾ ਫਿਰਦਾ, ਅੱਜ ਕੱਲ੍ਹ ਜਨਾਬ ਹੈ।

ਹਵਾ ਮਿੱਟੀ ਪਾਣੀ, ਅੰਬਰ ਵੀ ਹੈ ਨਾਲ
ਪਰ ਅੱਗ ਦਾ ਇਹ ਮੌਸਮ, ਚੜ੍ਹਿਆ ਜੁ ਸਾਲ ਹੈ।

ਹੌਕਿਆਂ ਦੀ ਕੰਨਸੋਅ, ਹਵਾ ਤਾਂ ਲੈ ਗਈ
ਕੋਈ ਨਾ ਪੜ੍ਹ ਸਕਿਆ, ਦਿਲ ਦੀ ਕਿਤਾਬ ਹੈ।